Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 217 10/01/2026 www.samajweekly.com samajweekly @samajweekly samajweekly

# ਭਾਰਤ ਵੱਲੋਂ ਅਮਰੀਕੀ ਸਕੱਤਰ ਲੂਟਨਿਕ ਦਾ ਦਾਅਵਾ ਰੱਦ

## ਪ੍ਰਧਾਨ ਮੰਤਰੀ ਮੋਦੀ ਤੇ ਡੋਨਲਡ ਟਰੰਪ ਦਰਮਿਆਨ ਪਿਛਲੇ ਸਾਲ ਅੱਠ ਵਾਰ ਗੱਲ ਹੋਈ: ਭਾਰਤ; ਅਮਰੀਕੀ ਸਕੱਤਰ ਨੇ ਕਿਹਾ ਸੀ ਕਿ ਮੋਦੀ ਦੀ ਟਰੰਪ ਨਾਲ ਗੱਲਬਾਤ ਨਾ ਹੋਣ ’ਤੇ ਵਪਾਰ ਸੌਦਾ ਸਿਰੇ ਨਹੀਂ ਚੜ੍ਹਿਆ

**ਨਿਊਯਾਰਕ:** ਅਮਰੀਕਾ ਦੇ ਵਣਜ ਮੰਤਰੀ ਹਾਵਰਡ ਲੁਟਨਿਕ ਨੇ ਕਿਹਾ ਕਿ ਭਾਰਤ ਨਾਲ ਵਪਾਰ ਸਮਝੌਤਾ ਇਸ ਲਈ ਨਹੀਂ ਹੋ ਸਕਿਆ ਕਿਉਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਫ਼ੋਨ ਨਹੀਂ ਕੀਤਾ।

ਲੁਟਨਿਕ ਨੇ ਵੀਰਵਾਰ ਨੂੰ ‘ਆਲ-ਇਨ ਪੌਡਕਾਸਟ’ ’ਚ ਇਸ ਬਾਰੇ ਵਿਸਤਾਰ ਨਾਲ ਗੱਲ ਕੀਤੀ ਕਿ ਅਖ਼ੀਰ ਭਾਰਤ-ਅਮਰੀਕਾ ਵਪਾਰ ਸਮਝੌਤਾ ਅਜੇ ਤਕ ਕਿਉਂ ਨਹੀਂ ਹੋ ਸਕਿਆ ਹੈ? ਉਨ੍ਹਾਂ ਕਿਹਾ, ‘‘ਮੈਂ ਤੁਹਾਨੂੰ ਭਾਰਤ ਬਾਰੇ ਇਕ ਕਿੱਸਾ ਸੁਣਾਉਂਦਾ ਹਾਂ। ਮੈਂ ਬਰਤਾਨੀਆਂ ਨਾਲ ਪਹਿਲਾ ਸਮਝੌਤਾ ਕੀਤਾ ਅਤੇ ਅਸੀਂ ਬਰਤਾਨੀਆਂ ਨੂੰ ਕਿਹਾ ਕਿ ਉਨ੍ਹਾਂ ਨੂੰ ਆਉਣ ਵਾਲੇ ਦੋ ਸ਼ੁਕਰਵਾਰ ਤਕ ਇਸ ਨੂੰ ਪੂਰਾ ਕਰਨਾ ਹੋਵੇਗਾ। ਯਾਨੀਕਿ, ਰੇਲਗੱਡੀ ਅਗਲੇ ਦੋ ਸ਼ੁਕਰਵਾਰ ਬਾਅਦ ਸਟੇਸ਼ਨ ਤੋਂ ਨਿਕਲ ਜਾਵੇਗੀ ਕਿਉਂਕਿ ਕਈ ਹੋਰ ਦੇਸ਼ਾਂ ਨਾਲ ਵੀ ਸਮਝੌਤੇ ਹੋ ਰਹੇ ਹਨ। ਤੁਸੀਂ ਜਾਣਦੇ ਹੋ ਜੋ ਪਹਿਲਾਂ ਆਉਂਦਾ ਹੈ ਉਹ ਪਹਿਲਾਂ ਪਾਉਂਦਾ ਹੈ। ਰਾਸ਼ਟਰਪਤੀ ਟਰੰਪ ਸਮਝੌਤੇ ਪੜਾਅਵਾਰ ਤਰੀਕੇ ਨਾਲ ਕਰਦੇ ਹਨ।’’

ਉਨ੍ਹਾਂ ਕਿਹਾ, ‘‘ਜੋ (ਦੇਸ਼) ਪਹਿਲੇ ਪੜਾਅ (ਪਹਿਲੀ ਪੌੜੀ) ਦਾ ਸੌਦਾ ਕਰਦਾ ਹੈ, ਉਸ ਨੂੰ ਬਿਹਤਰੀਨ ਸ਼ਰਤਾਂ ਮਿਲਦੀਆਂ ਹਨ।’’ ਲੁਟਨਿਕ ਨੇ ਕਿਹਾ ਕਿ ਟਰੰਪ ਇਸ ਤਰ੍ਹਾਂ ਨਾਲ ਕੰਮ ਕਰਦੇ ਹਨ ‘ਕਿਉਂਕਿ ਇਸ ਤਰ੍ਹਾਂ ਨਾਲ ਤੁਹਾਨੂੰ ਗੱਲਬਾਤ ਨਾਲ ਅੱਗੇ ਵਧਣ ਦੀ ਪ੍ਰੇਰਣਾ ਮਿਲਦੀ ਹੈ।’

ਉਨ੍ਹਾਂ ਕਿਹਾ ਕਿ ਬਰਤਾਨੀਆਂ ਨਾਲ ਹੋਏ ਸਮਝੌਤੇ ਤੋਂ ਬਾਅਦ, ਹਰ ਕਿਸੇ ਨੇ ਟਰੰਪ ਤੋਂ ਪੁਛਿਆ ਕਿ ਅਗਲਾ ਦੇਸ਼ ਕਿਹੜਾ ਹੋਵੇਗਾ ਅਤੇ ਰਾਸ਼ਟਰਪਤੀ ਨੇ ਕਈ ਦੇਸ਼ਾਂ



ਬਾਰੇ ਗੱਲ ਕੀਤੀ, ‘ਪਰ ਉਨ੍ਹਾਂ ਨੇ ਜਨਤਕ ਰੂਪ ’ਚ ਕਈ ਵਾਰੀ ਭਾਰਤ ਦਾ ਨਾਂ ਲਿਆ।’ ਲੁਟਨਿਕ ਨੇ ਕਿਹਾ, ‘‘ਅਸੀਂ ਭਾਰਤ ਨਾਲ ਗੱਲ ਕਰ ਰਹੇ ਸੀ ਅਤੇ ਅਸੀਂ ਭਾਰਤ ਨੂੰ ਕਿਹਾ, ‘ਤੁਹਾਡੇ ਕੋਲ ਤਿੰਨ ਸ਼ੁਕਰਵਾਰ ਹਨ।’ ਉਨ੍ਹਾਂ ਨੂੰ ਇਹ ਕੰਮ ਪੂਰਾ ਕਰਨਾ ਹੀ ਹੋਵੇਗਾ।’’

ਅਮਰੀਕਾ ਦੇ ਵਣਜ ਮੰਤਰੀ ਨੇ ਕਿਹਾ ਕਿ ਹਾਲਾਂਕਿ ਉਹ ਦੇਸ਼ਾਂ ਨਾਲ ਸਮਝੌਤਿਆਂ ਉਤੇ ਗੱਲਬਾਤ ਕਰਨਗੇ ਅਤੇ ਪੂਰਾ ਸੌਦਾ ਤੈਅ ਕਰਨਗੇ, ‘‘ਪਰ ਇਹ ਸਪੱਸ਼ਟ ਹੋਣਾ ਚਾਹੀਦਾ ਹੈ ਕਿ ਇਹ ਉਨ੍ਹਾਂ (ਟਰੰਪ) ਦਾ ਸਮਝੌਤਾ ਹੈ। ਉਹੀ ਆਖ਼ਰੀ ਫ਼ੈਸਲਾ ਲੈਂਦੇ ਹਨ। ਉਹ ਸਮਝੌਤਾ ਕਰਦੇ ਹਨ। ਇਸ ਲਈ ਮੈਂ ਕਿਹਾ, ‘ਤੁਹਾਨੂੰ ਮੋਦੀ ਨੂੰ ਸ਼ਾਮਲ ਕਰਨਾ ਹੋਵੇਗਾ, ਸਾਰਾ ਕੁਝ ਤੈਅ ਹੈ, ਤੁਹਾਨੂੰ ਮੋਦੀ ਤੋਂ ਰਾਸ਼ਟਰਪਤੀ ਨੂੰ ਫ਼ੋਨ ਕਰਵਾਉਣਾ ਹੋਵੇਗਾ।’ ਭਾਰਤ ਨੂੰ ਅਜਿਹਾ ਕਰਨ ’ਚ ਅਸਹਿਜਤਾ ਮਹਿਸੂਸ ਹੋਈ, ਇਸ ਲਈ ਮੋਦੀ ਨੇ ਫ਼ੋਨ ਨਹੀਂ ਕੀਤਾ।’’ ਲੁਟਨਿਕ ਨੇ ਕਿਹਾ, ‘‘ਉਸ ਸ਼ੁਕਰਵਾਰ ਤੋਂ ਬਾਅਦ ਅਮਰੀਕਾ ਨੇ ਇੰਡੋਨੇਸ਼ੀਆ, ਫ਼ਿਲੀਪੀਨਜ਼ ਅਤੇ ਵੀਅਤਨਾਮ ਨਾਲ ਵਪਾਰ ਸਮਝੌਤਿਆਂ ਦਾ ਐਲਾਨ ਕੀਤਾ। ਅਮਰੀਕਾ ਹੋਰ ਦੇਸ਼ਾਂ ਨਾਲ ਗੱਲਬਾਤ ਕਰ ਰਿਹਾ ਸੀ ਅਤੇ ਇਹ ਮੰਨਿਆ ਜਾ ਰਿਹਾ ਸੀ ਕਿ ਭਾਰਤ ਉਨ੍ਹਾਂ ਤੋਂ ਪਹਿਲਾਂ ਗੱਲਬਾਤ ਪੂਰੀ ਕਰ ਲਵੇਗਾ।’’ ਉਨ੍ਹਾਂ ਅੱਗੇ ਕਿਹਾ, ‘‘ਮੈਂ ਉਨ੍ਹਾਂ ਨਾਲ ਉੱਚੀ ਦਰ ਉਤੇ ਗੱਲਬਾਤ ਕੀਤੀ ਸੀ। ਤਾਂ ਹੁਣ ਸਮੱਸਿਆ ਇਹ ਹੈ ਕਿ ਸਮਝੌਤੇ ਉੱਚੀਆਂ ਦਰਾਂ ਉਤੇ ਹੋਏ। ਫਿਰ ਭਾਰਤ ਨੇ ਫ਼ੋਨ ਕੀਤਾ ਅਤੇ ਕਿਹਾ, ‘ਠੀਕ ਹੈ ਅਸੀਂ ਤਿਆਰ ਹਾਂ।’ ਮੈਂ ਕਿਹਾ, ‘ਤਿੰਨ ਹਫ਼ਤੇ ਬਾਅਦ, ਕਿਸ ਗੱਲ ਲਈ ਤਿਆਰ ਹੋ? ਤੁਸੀਂ ਉਸ ਰੇਲਗੱਡੀ ਨੂੰ ਫੜਨ ਲਈ ਤਿਆਰ ਹੋ ਜੋ ਤਿੰਨ ਹਫ਼ਤੇ ਪਹਿਲਾਂ ਸਟੇਸ਼ਨ ਤੋਂ ਨਿਕਲ ਚੁਕੀ ਹੈ?’’

ਉਨ੍ਹਾਂ ਕਿਹਾ ਕਿ ਇਸ ਲਈ ਬਾਕੀ ਸਾਰੇ ਦੇਸ਼ ਸਮਝੌਤੇ ਕਰਦੇ ਰਹੇ ਅਤੇ ਭਾਰਤ ਇਸ ਦੌੜ ’ਚ ਪਿੱਛੇ ਰਹਿ ਗਿਆ।

ਲੁਟਨਿਕ ਨੇ ਕਿਹਾ ਬਿਆਨ ਉਸ ਸਮੇਂ ਦਿਤਾ ਹੈ ਜਦੋਂ ਹਾਲ ਹੀ ’ਚ ਟਰੰਪ ਨੇ ਕਿਹਾ ਸੀ ਕਿ ‘ਮੋਦੀ ਜਾਣਦੇ ਸਨ ਕਿ ਉਹ ਭਾਰਤ ਦੇ ਰੂਸੀ ਤੇਲ ਖ਼ਰੀਦਣ ਤੋਂ ਨਾਖ਼ੁਸ਼ ਹਨ ਅਤੇ ਅਮਰੀਕਾ ਕਦੇ ਵੀ ਭਾਰਤ ਉਤੇ ਟੈਰਿਫ਼ ਵਧਾ ਸਕਦਾ ਹੈ।’

ਅਮਰੀਕੀ ਰਾਸ਼ਟਰਪਤੀ ਨੇ ਇਹ ਬਿਆਨ ਦੋਹਾਂ ਦੇਸ਼ਾਂ ਵਿਚਕਾਰ ਦੁਵੱਲੇ ਵਪਾਰ ਸਮਝੌਤੇ ਉਤੇ ਗੱਲਬਾਤ ਦੌਰਾਨ ਦਿਤਾ। ਵਪਾਰ ਸਮਝੌਤੇ ਉਤੇ ਹੁਣ ਤਕ ਛੇ ਦੌਰ ਦੀ ਗੱਲ ਹੋ ਚੁਕੀ ਹੈ। ਇਸ ਸਮਝੌਤੇ ’ਚ ਅਮਰੀਕਾ ਦੇ ਦਾਖ਼ਲ ਹੋਣ ਨਾਲ ਭਾਰਤੀ ਸਮਾਨਾਂ ਉਤੇ ਲੱਗਣ ਵਾਲੇ 50 ਫ਼ੀ ਸਦੀ ਟੈਰਿਫ਼ ਦੇ ਹੱਲ ਲਈ ਇਕ ਢਾਂਚਾਗਤ ਸਮਝੌਤਾ ਸ਼ਾਮਲ ਹੈ।

# ਸੀਤ ਲਹਿਰ ਨੇ ਠਾਰੇ ਪੰਜਾਬੀ, ਅਗਲੇ ਚਾਰ ਦਿਨ ਸੰਘਣੀ ਧੁੰਦ ਦੀ ਚਿਤਾਵਨੀ

**ਚੰਡੀਗੜ੍ਹ।** ਪੰਜਾਬ ਅਤੇ ਚੰਡੀਗੜ੍ਹ ਵਿੱਚ ਲੋਕਾਂ ਨੂੰ ਲੋਹੜੀ ਤੱਕ ਧੁੰਦ ਦਾ ਸਾਹਮਣਾ ਕਰਨਾ ਪਵੇਗਾ, ਜਦੋਂ ਕਿ ਸੀਤ ਲਹਿਰ ਦੀ ਸੰਭਾਵਨਾ ਵੀ ਬਣੀ ਹੋਈ ਹੈ। ਮੌਸਮ ਵਿਭਾਗ ਨੇ ਅੱਜ, 9 ਜਨਵਰੀ ਨੂੰ ਸੰਘਣੀ ਧੁੰਦ, ਸੀਤ ਲਹਿਰ ਅਤੇ ਕੋਲਡ ਡੇਅ ਲਈ ਯੈਲੋ ਅਲਰਟ ਜਾਰੀ ਕੀਤਾ ਹੈ। ਇਸ ਦੇ ਨਾਲ ਹੀ, ਪਿਛਲੇ 24 ਘੰਟਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ ਵਿੱਚ 0.1 ਡਿਗਰੀ ਦਾ ਮਾਮੂਲੀ ਵਾਧਾ ਦਰਜ ਕੀਤਾ ਗਿਆ ਹੈ। ਹਾਲਾਂਕਿ, ਇਹ ਆਮ ਨਾਲੋਂ 5.5 ਡਿਗਰੀ ਘੱਟ ਹੈ। ਅੰਮ੍ਰਿਤਸਰ, ਲੁਧਿਆਣਾ ਅਤੇ ਪਟਿਆਲਾ ਵਿੱਚ ਠੰਢੇ ਦਿਨ ਦਰਜ ਕੀਤੇ ਗਏ। ਅੰਮ੍ਰਿਤਸਰ ਵਿੱਚ ਵਿਜ਼ੀਬਿਲਟੀ 150 ਮੀਟਰ ਦਰਜ ਕੀਤੀ ਗਈ, ਜਦੋਂ ਕਿ ਬਠਿੰਡਾ 5 ਡਿਗਰੀ ਤਾਪਮਾਨ ਨਾਲ ਸਭ ਤੋਂ ਠੰਢਾ ਰਿਹਾ। ਜੰਮੂ ਦੇ ਨੇੜੇ ਬਣੀ ਪੱਛਮੀ ਗੜਬੜੀ ਹੁਣ ਉੱਤਰੀ ਪੰਜਾਬ ਵਿੱਚ ਪਹੁੰਚ ਗਈ ਹੈ। ਇਹ ਜ਼ਮੀਨ ਤੋਂ ਲਗਭਗ 3 ਕਿਲੋਮੀਟਰ ਉੱਪਰ ਸਰਗਰਮ ਹੈ। ਇਸ ਕਾਰਨ ਅੱਜ ਅੰਮ੍ਰਿਤਸਰ, ਤਰਨਤਾਰਨ, ਨਵਾਂਸ਼ਹਿਰ, ਕਪੂਰਥਲਾ, ਜਲੰਧਰ, ਲੁਧਿਆਣਾ, ਬਰਨਾਲਾ, ਸੰਗਰੂਰ, ਫਤਿਹਗੜ੍ਹ ਸਾਹਿਬ ਅਤੇ ਪਟਿਆਲਾ ਵਿੱਚ ਠੰਢ ਦਾ ਮੌਸਮ ਰਹੇਗਾ। ਫਾਜ਼ਿਲਕਾ, ਫਰੀਦਕੋਟ, ਮੁਕਤਸਰ ਸਾਹਿਬ, ਬਠਿੰਡਾ ਅਤੇ ਮਾਨਸਾ ਦੇ ਕੁਝ ਇਲਾਕਿਆਂ ਵਿੱਚ ਸੀਤ ਲਹਿਰ ਦੀ ਸੰਭਾਵਨਾ ਹੈ। ਅੰਮ੍ਰਿਤਸਰ, ਕਪੂਰਥਲਾ, ਜਲੰਧਰ, ਲੁਧਿਆਣਾ ਅਤੇ ਪਟਿਆਲਾ ਦੇ



ਕੁਝ ਇਲਾਕਿਆਂ ਵਿੱਚ ਦਿਨ ਭਰ ਠੰਢ ਰਹਿਣ ਦੀ ਸੰਭਾਵਨਾ ਹੈ। ਮੌਸਮ ਆਮ ਤੌਰ 'ਤੇ ਖੁਸ਼ਕ ਅਤੇ ਸਾਫ਼ ਰਹੇਗਾ। ਘੱਟੋ-ਘੱਟ ਤਾਪਮਾਨ ਵਿੱਚ ਗਿਰਾਵਟ ਆਵੇਗੀ। ਮੌਸਮ ਵਿਭਾਗ ਅਨੁਸਾਰ ਅਗਲੇ ਚਾਰ ਦਿਨ ਸੰਘਣੀ ਧੁੰਦ ਪਵੇਗੀ।

# ਨਾਜਾਇਜ਼ ਰੂਪ ’ਚ ਅਮਰੀਕਾ ਰਹਿ ਰਹੇ ਦੋ ਪੰਜਾਬੀ ਕੋਕੀਨ ਤਸਕਰੀ ਦੇ ਦੋਸ਼ ਹੇਠ ਗ੍ਰਿਫ਼ਤਾਰ

**ਨਿਊਯਾਰਕ।** ਅਮਰੀਕਾ ’ਚ ਨਾਜਾਇਜ਼ ਰੂਪ ’ਚ ਰਹਿ ਰਹੇ ਦੋ ਭਾਰਤੀਆਂ ਨੂੰ ਸੰਘੀ ਅਧਿਕਾਰੀਆਂ ਨੇ ਇਕ ਟਰੱਕ ਜ਼ਰੀਏ 300 ਪਾਊਂਡ ਤੋਂ ਵੱਧ ਕੋਕੀਨ ਦੀ ਤਸਕਰੀ ਕਰਨ ਦੇ ਦੋਸ਼ ’ਚ ਗ੍ਰਿਫ਼ਤਾਰ ਕੀਤਾ ਹੈ। ਅਧਿਕਾਰੀਆਂ ਅਨੁਸਾਰ ਗੁਰਪ੍ਰੀਤ (25) ਅਤੇ ਜਸਵੀਰ ਸਿੰਘ (30) ਨੂੰ ਚਾਰ ਜਨਵਰੀ ਨੂੰ ਇੰਡੀਆਨਾ ਦੀ ਪੁਟਨਮ ਕਾਊਂਟੀ ’ਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਦੇ ਦੋਸ਼ ਹੇਠ ਸਥਾਨਕ ਅਧਿਕਾਰੀਆਂ ਨੇ ਗ੍ਰਿਫ਼ਤਾਰ ਕੀਤਾ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ (ਡੀ.ਐਚ.ਐਸ.) ਨੇ ਇਸ ਹਫ਼ਤੇ ਦਸਿਆ ਕਿ ਅਮਰੀਕੀ ਇਮੀਗਰੇਸ਼ਨ ਅਤੇ ਕਸਟਮ ਲਾਗੂਕਰਨ (ਆਈ.ਸੀ.ਈ.) ਨੇ ਦੋਹਾਂ ਵਿਰੁਧ ਗ੍ਰਿਫ਼ਤਾਰੀ ਵਾਰੰਟੀ ਜਾਰੀ ਕੀਤਾ ਹੈ। ਏਜੰਸੀ ਨੇ ਕਿਹਾ ਕਿ ਦੋਹਾਂ ਵਿਅਕਤੀਆਂ ਨੇ ਨਾਜਾਇਜ਼ ਰੂਪ ’ਚ ਅਮਰੀਕਾ ’ਚ ਦਾਖ਼ਲਾ ਲਿਆ ਸੀ ਅਤੇ ਉਨ੍ਹਾਂ ਨੂੰ ਪੁਟਨਮ ਕਾਊਂਟੀ ’ਚ ਇਕ ਟਰੱਕ ਤੋਂ 300 ਪਾਊਂਡ ਤੋਂ ਵੱਧ ਕੋਕੀਨ ਦੀ ਤਸਕਰੀ ਕਰਦਿਆਂ ਫੜਿਆ ਗਿਆ। ਡੀ.ਐਸ.ਐਸ. ਅਨੁਸਾਰ, ਦੋਹਾਂ ਕੋਲੋਂ ਕੈਨੀਫ਼ੋਰਨੀਆ ਵਲੋਂ ਜਾਰੀ ਕਮਰਸ਼ੀਅਲ ਡਰਾਈਵਿੰਗ ਲਾਇਸੈਂਸ ਸਨ। ਏਜੰਸੀ ਨੇ ਅਪਣੇ ਬਿਆਨ ਵਿਚ ਕਿਹਾ, ‘‘300 ਪਾਊਂਡ ਤੋਂ ਵੱਧ ਕੋਕੀਨ ਜ਼ਬਤ ਕੀਤੀ ਗਈ ਹੈ। ਕੋਕੀਨ ਦੀ ਮਾਤਰਾ 1.2 ਗ੍ਰਾਮ ਖ਼ੁਰਾਕ ਹੀ ਘਾਤਕ ਹੁੰਦੀ ਹੈ, ਅਜਿਹੇ ’ਚ ਇਹ ਮਾਤਰਾ 1,13,000 ਤੋਂ ਵੱਧ ਅਮਰੀਕੀਆਂ ਦੀ ਜਾਨ ਲੈ ਸਕਦੀ ਸੀ।’’ ਡੀ.ਐਚ.ਐਸ. ਨੇ ਇਹ ਵੀ ਦਸਿਆ ਕਿ ਗੁਰਪ੍ਰੀਤ ਸਿੰਘ ਨੇ 11 ਮਾਰਚ, 2023 ਨੂੰ ਐਰੀਜ਼ੋਨਾ ਦੇ ਲਿਊਕਵਿਲ ਕੋਲ ਨਾਜਾਇਜ਼ ਰੂਪ ’ਚ ਅਮਰੀਕਾ ’ਚ ਕਦਮ ਰਖਿਆ ਸੀ ਅਤੇ ਬਾਇਡਨ ਪ੍ਰਸ਼ਾਸਨ ਹੇਠ ਉਸ ਨੂੰ ਦੇਸ਼ ’ਚ ਰਹਿਣ ਦੀ ਇਜਾਜ਼ਤ ਦਿਤੀ ਗਈ ਸੀ। ਜਦਕਿ ਜਸਵੀਰ ਸਿੰਘ ਨੇ 21 ਮਾਰਚ, 2017 ਨੂੰ ਕੈਨੇਫ਼ੋਰਨੀਆ ਦੇ ਓਟਾਏ ਮੇਸਾ ਕੋਲ ਨਾਜਾਇਜ਼ ਰੂਪ ’ਚ ਅਮਰੀਕਾ ’ਚ ਕਦਮ ਰਖਿਆ ਸੀ। ਉਸ ਨੂੰ ਪਿਛਲੇ ਸਾਲ ਪੰਜ ਦਸੰਬਰ ਨੂੰ ਕੈਨੇਫ਼ੋਰਨੀਆ ਦੇ ਸੈਨ ਬਾਰਨਾਡੀਨੋ ’ਚ ਚੋਰੀ ਦੀ ਜਾਇਦਾਦ ਪ੍ਰਾਪਤ ਕਰਨ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਗਿਆ ਸੀ। ਆਈ.ਸੀ.ਈ. ਨੇ ਉਸ ਸਮੇਂ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਸੀ, ਪਰ ਉਸ ਨੂੰ ਲਾਗੂ ਨਹੀਂ ਕੀਤਾ ਗਿਆ ਅਤੇ ਉਸ ਨੂੰ ਰਿਹਾਅ ਕਰ ਦਿਤਾ ਗਿਆ। ਡੀ.ਐਚ.ਐਸ. ਨੇ ਇਸ ਲਈ ਕੈਲੇਫ਼ੋਰਨੀਆ ਦੇ ਗਵਰਨਰ ਗੇਵਿਨ ਨਿਊਸਮ ਦੀਆਂ ਨੀਤੀਆਂ ਦੀ ਆਲੋਚਨਾ ਕੀਤੀ।





# ਧਾਰਮਿਕ ਸਥਾਨ ਤੋਂ ਵਾਪਸ ਆ ਰਹੇ 4 ਸ਼ਰਧਾਲੂਆਂ ਦੀ ਹਾਦਸੇ ਵਿਚ ਮੌਤ




**ਕਰਨਾਟਕ।** ਕਰਨਾਟਕ ਦੇ ਤੁਮਾਕੁਰੂ ਜ਼ਿਲ੍ਹੇ ਵਿਚ ਅੱਜ ਸਵੇਰੇ ਇੱਕ ਭਿਆਨਕ ਸੜਕ ਹਾਦਸਾ ਵਾਪਰਿਆ। ਸ਼ਰਧਾਲੂਆਂ ਨੂੰ ਲੈ ਕੇ ਜਾ ਰਿਹਾ ਇੱਕ ਟੈਂਪੋ ਟਰੈਵਲਰ ਸੜਕ ਕਿਨਾਰੇ ਖੜ੍ਹੇ ਇੱਕ ਟਰੱਕ ਨਾਲ ਟਕਰਾ ਗਿਆ। ਇਕ ਲੜਕੀ ਸਮੇਤ ਚਾਰ ਲੋਕਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸਾਰੇ ਸਬਰੀਮਾਲਾ ਮੰਦਰ ਤੋਂ ਵਾਪਸ ਆ ਰਹੇ ਸਨ। ਟੱਕਰ ਵਿੱਚ ਟੈਂਪੂ ਟਰੈਵਲਰ ਪੂਰੀ ਤਰ੍ਹਾਂ ਨੁਕਸਾਨਿਆ ਗਿਆ। ਮ੍ਰਿਤਕਾਂ ਦੀ ਪਛਾਣ ਸਾਕਸ਼ੀ (7), ਵੈਂਕਟੇਸ਼ੱਪਾ (30), ਮਰਤੱਪਾ (35) ਅਤੇ ਗਵਿਸਿਦੱਪਾ (40) ਵਜੋਂ ਹੋਈ ਹੈ। ਸਾਰੇ ਮ੍ਰਿਤਕ ਕੋਪਲ ਜ਼ਿਲ੍ਹੇ ਦੇ ਵਸਨੀਕ ਸਨ। ਇਸ ਹਾਦਸੇ ਵਿਚ ਸੱਤ ਹੋਰ ਲੋਕ ਗੰਭੀਰ ਜ਼ਖ਼ਮੀ ਹੋ ਗਏ ਅਤੇ ਉਨ੍ਹਾਂ ਨੂੰ ਇਲਾਜ ਲਈ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ। ਪੁਲਿਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

# ਹਿਮਾਚਲ ਪ੍ਰਦੇਸ਼ : ਸਿਰਮੌਰ ’ਚ ਨਿੱਜੀ ਬੱਸ 500 ਫੁੱਟ ਡੂੰਘੀ ਖੱਡ ’ਚ ਡਿੱਗੀ, 9 ਮੌਤਾਂ, 40 ਦੇ ਕਰੀਬ ਜ਼ਖਮੀ



**ਨਾਹਨ।** ਹਿਮਾਚਲ ਪ੍ਰਦੇਸ਼ ਦੇ ਸਿਰਮੌਰ ਜ਼ਿਲ੍ਹੇ ’ਚ ਸ਼ੁਕਰਵਾਰ ਦੁਪਹਿਰ ਨੂੰ ਇਕ ਨਿੱਜੀ ਬੱਸ 500 ਫੁੱਟ ਡੂੰਘੀ ਖੱਡ ’ਚ ਡਿੱਗਣ ਕਾਰਨ 9 ਲੋਕਾਂ ਦੀ ਮੌਤ ਹੋ ਗਈ ਅਤੇ 40 ਦੇ ਕਰੀਬ ਜ਼ਖਮੀ ਹੋ ਗਏ। ਇਹ ਹਾਦਸਾ ਉਸ ਸਮੇਂ ਵਾਪਰਿਆ, ਜਦੋਂ ਸ਼ਿਮਲਾ ਤੋਂ ਰਾਜਗੜ੍ਹ ਹੁੰਦੇ ਹੋਏ ਕੁਪਵੀ ਜਾ ਰਹੀ ਬੱਸ ਸੜਕ ਤੋਂ ਉਤਰ ਕੇ ਹੇਠਾਂ ਖੱਡ ਵਿਚ ਡਿੱਗ ਗਈ ਅਤੇ ਜ਼ਿਲ੍ਹਾ ਹੈੱਡਕੁਆਰਟਰ ਨਾਹਨ ਤੋਂ ਲਗਭਗ 95 ਕਿਲੋਮੀਟਰ ਦੂਰ ਹਰੀਪੁਰਧਰ ਪਿੰਡ ਨੇੜੇ ਉਲਟਾ ਡਿੱਗ ਗਈ। ਮੌਕੇ ਉਤੇ ਬਚਾਅ ਮੁਹਿੰਮ ਦੀ ਨਿਗਰਾਨੀ ਕਰ ਰਹੇ ਸਬ-ਡਵੀਜ਼ਨਲ ਮੈਜਿਸਟਰੇਟ (ਐਸ.ਡੀ.ਐਮ.) ਸੁਨੀਲ ਕਾਯਥ ਨੇ ਦਸਿਆ ਕਿ 9 ਬੱਸ ਮੁਸਾਫ਼ਰਾਂ ਦੀ ਮੌਤ ਹੋ ਗਈ ਹੈ ਅਤੇ 40 ਦੇ ਕਰੀਬ ਜ਼ਖਮੀ ਹੋਏ ਹਨ। ਉਨ੍ਹਾਂ ਕਿਹਾ ਕਿ ਬਚਾਅ ਕਾਰਜ ਜੰਗੀ ਪੱਧਰ ਉਤੇ ਚੱਲ ਰਿਹਾ ਹੈ ਅਤੇ ਸਾਰੇ ਜ਼ਖਮੀਆਂ ਅਤੇ ਮ੍ਰਿਤਕਾਂ ਨੂੰ ਨੇੜਲੇ ਸੰਗਰਾਹ ਅਤੇ ਦਾਦਾਹੂ ਹਸਪਤਾਲਾਂ ਵਿਚ ਲਿਜਾਇਆ ਜਾ ਰਿਹਾ ਹੈ। ਮੁੱਖ ਮੰਤਰੀ ਸੁਖਵਿੰਦਰ ਸਿੰਘ ਸੁੱਖੂ ਨੇ ਇਸ ਹਾਦਸੇ ਵਿਚ ਹੋਏ ਜਾਨੀ ਨੁਕਸਾਨ ਉਤੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਜ਼ਿਲ੍ਹਾ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਹਾਦਸੇ ਵਿਚ ਮਾਰੇ ਗਏ ਲੋਕਾਂ ਦੇ ਵਾਰਸਾਂ ਨੂੰ ਹਰ ਸੰਭਵ ਸਹਾਇਤਾ ਮੁਹੱਈਆ ਕਰਵਾਈ ਜਾਵੇ ਅਤੇ ਜ਼ਖਮੀਆਂ ਨੂੰ ਵਧੀਆ ਡਾਕਟਰੀ ਸਹਾਇਤਾ ਮੁਹੱਈਆ ਕਰਵਾਈ ਜਾਵੇ। ਉਦਯੋਗ ਮੰਤਰੀ ਅਤੇ ਸ਼ਾਲਾਈ ਵਿਧਾਨ ਸਭਾ ਹਲਕੇ ਦੇ ਸਥਾਨਕ ਵਿਧਾਇਕ ਹਰਸ਼ਵਰਧਨ ਚੌਹਾਨ ਨੇ ਕਿਹਾ ਕਿ ਹਾਦਸੇ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ ਅਤੇ ਉਨ੍ਹਾਂ ਨੇ ਇਸ ਘਟਨਾ ਉਤੇ ਦੁੱਖ ਪ੍ਰਗਟ ਕੀਤਾ ਹੈ। ਸੋਸ਼ਲ ਮੀਡੀਆ ਉਤੇ ਵਾਇਰਲ ਵੀਡੀਉ ’ਚ ਵੇਖਿਆ ਜਾ ਰਿਹਾ ਹੈ ਕਿ ਵੱਡੀ ਭੀੜ ਬਚਾਅ ਕਾਰਜਾਂ ’ਚ ਮਦਦ ਕਰ ਰਹੀ ਹੈ ਅਤੇ ਜ਼ਖਮੀਆਂ ਨੂੰ ਬੱਸ ਦੇ ਮਲਬੇ ਵਿਚੋਂ ਬਾਹਰ ਕੱਢਣ ਦੀ ਕੋਸ਼ਿਸ਼ ਕਰ ਰਹੀ ਹੈ। ਹਾਦਸੇ ਤੋਂ ਬਾਅਦ ਸਥਾਨਕ ਲੋਕ ਬਚਾਅ ਲਈ ਪਹੁੰਚੇ ਅਤੇ ਪੁਲਿਸ ਨੂੰ ਸੂਚਿਤ ਕੀਤਾ। ਜ਼ਿਲ੍ਹਾ ਪ੍ਰਸ਼ਾਸਨ, ਪੁਲਿਸ ਅਤੇ ਹੋਰ ਅਧਿਕਾਰੀ ਵੀ ਕੰਮ ਉਤੇ ਲੱਗੇ ਹੋਏ ਹਨ। ਹਰੀਪੁਰਧਰ ਦੇ ਵਸਨੀਕ ਅਤੇ ਭਾਜਪਾ ਦੀ ਸੂਬਾ ਵਰਕਿੰਗ ਕਮੇਟੀ ਦੇ ਮੈਂਬਰ ਬਲਬੀਰ ਚੌਹਾਨ ਨੇ ਕਿਹਾ ਕਿ ਸਥਾਨਕ ਲੋਕਾਂ ਨੇ ਮੁਸ਼ਕਲ ਹਾਲਾਤਾਂ ਵਿਚ ਮੁਸਾਫ਼ਰਾਂ ਨੂੰ ਡੂੰਘੀ ਖੱਡ ਤੋਂ ਬਚਾਉਣ ਲਈ ਕਮਾਲ ਦਾ ਕੰਮ ਕੀਤਾ।

Samaj Weekly

ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਟਰੱਕ ਨਾਲ ਟਕਰਾਈ ਤੇਜ਼ ਰਫ਼ਤਾਰ ਕਾਰ, 3 ਦੀ ਮੌਤ, 1 ਗੰਭੀਰ ਜ਼ਖਮੀ



**ਇੰਦੌਰ।** ਮੱਧ ਪ੍ਰਦੇਸ਼ ਦੇ ਇੰਦੌਰ ਵਿਚ ਅੱਜ ਰਾਲਾਮੰਡਲ ਖੇਤਰ ਅੱਜ ਸਵੇਰੇ 5:15 ਵਜੇ ਦੇ ਕਰੀਬ ਇੱਕ ਤੇਜ਼ ਰਫ਼ਤਾਰ ਕਾਰ ਅੱਗੇ ਜਾ ਰਹੇ ਇੱਕ ਟਰੱਕ ਨਾਲ ਟਕਰਾ ਗਈ। ਕਾਰ ਵਿੱਚ ਸਵਾਰ ਦੋ ਨੌਜਵਾਨਾਂ ਅਤੇ ਇੱਕ ਲੜਕੀ ਦੀ ਮੌਕੇ ਤੇ ਹੀ ਮੌਤ ਹੋ ਗਈ, ਜਦੋਂ ਕਿ ਇੱਕ ਹੋਰ ਨੌਜਵਾਨ ਔਰਤ ਗੰਭੀਰ ਜ਼ਖ਼ਮੀ ਹੋ ਗਈ ਅਤੇ ਇੱਕ ਨਿੱਜੀ ਹਸਪਤਾਲ ਵਿੱਚ ਇਲਾਜ ਅਧੀਨ ਹੈ। ਰਾਲਾਮੰਡਲ ਪੁਲੀਸ ਸਟੇਸ਼ਨ ਦੇ ਅਧਿਕਾਰੀ ਦੇਵੇਂਦਰ ਮਰਕਮ ਦੇ ਅਨੁਸਾਰ, ਟੱਕਰ ਇੰਨੀ ਜ਼ਬਰਦ-ਸਤ ਸੀ ਕਿ ਕਾਰ ਪੂਰੀ ਤਰ੍ਹਾਂ ਨੁਕਸਾਨੀ ਗਈ। ਮ੍ਰਿਤਕਾਂ ਦੀ ਉਮਰ ਲਗਭਗ 25 ਸਾਲ ਦੱਸੀ ਜਾ ਰਹੀ ਹੈ। ਹਾਦਸੇ ਤੋਂ ਬਾਅਦ ਟਰੱਕ ਡਰਾਈਵਰ ਵਾਹਨ ਸਮੇਤ ਫਰਾਰ ਹੋ ਗਏ। ਪੁਲੀਸ ਨੇ ਉਨ੍ਹਾਂ ਦੀ ਭਾਲ ਸ਼ੁਰੂ ਕਰ ਦਿੱਤੀ ਹੈ। ਨੇੜਲੀਆਂ ਸੜਕਾਂ ਨੂੰ ਬੰਦ ਕੀਤਾ ਜਾ ਰਿਹਾ ਹੈ। ਹਾਦਸੇ ਵਿੱਚ ਜ਼ਖਮੀ ਹੋਈ ਨੌਜਵਾਨ ਔਰਤ ਦੀ ਪਛਾਣ ਅਨੁਸ਼ਕਾ ਵਜੋਂ ਹੋਈ ਹੈ। ਟੀਆਈ ਦੇਵੇਂਦਰ ਮਰਕਮ ਦੇ ਅਨੁਸਾਰ, ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਕਾਰ ਵਿੱਚ ਸਵਾਰ ਨੌਜਵਾਨ ਅਤੇ ਲੜਕੀ ਸ਼ਾਇਦ ਵਿਦਿਆਰਥੀ ਸਨ ਅਤੇ ਇੱਕ ਪਾਰਟੀ ਤੋਂ ਬਾਅਦ ਵਾਪਸ ਆ ਰਹੇ ਸਨ। ਫਿਲਹਾਲ, ਪੁਲੀਸ ਨੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਮ੍ਰਿਤਕਾਂ ਦੀ ਪਛਾਣ ਕੀਤੀ ਜਾ ਰਹੀ ਹੈ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ।

## ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ ’ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਈਰਾਨ ਦੇ 100 ਸ਼ਹਿਰਾਂ ’ਚ ਮਹਿੰਗਾਈ ਵਿਰੁਧ ਪ੍ਰਦਰਸ਼ਨ, 42 ਮੌਤਾਂ

**ਦੁਬਈ।** ਈਰਾਨ ਦੀ ਬਿਮਾਰ ਆਰਥਕਤਾ ਨੂੰ ਲੈ ਕੇ ਸ਼ੁਰੂ ਹੋਏ ਵਿਰੋਧ ਪ੍ਰਦਰਸ਼ਨ 28 ਦਸੰਬਰ ਨੂੰ ਸ਼ੁਰੂ ਹੋਣ ਤੋਂ ਬਾਅਦ ਲਗਾਤਾਰ ਤੇਜ਼ ਹੋ ਰਹੇ ਹਨ। ਪ੍ਰਦਰਸ਼ਨ ਦੀ ਅੱਗ 100 ਸ਼ਹਿਰਾਂ ਤਕ ਫੈਲ ਚੁਕੀ ਹੈ ਅਤੇ ਇਨ੍ਹਾਂ ’ਚ ਹੁਣ ਤਕ 42 ਲੋਕਾਂ ਦੇ ਮਾਰੇ ਜਾਣ ਦੇ ਖ਼ਬਰ ਹੈ। ਈਰਾਨ ਦੇ ਸਰਵਉੱਚ ਨੇਤਾ ਨੇ ਸ਼ੁਕਰਵਾਰ ਨੂੰ ਦੇਸ਼ ਦੇ ਨਾਂ ਅਪਣੇ ਸੰਬੋਧਨ ’ਚ ਸੰਕੇਤ ਦਿਤਾ ਕਿ ਸੁਰੱਖਿਆ ਬਲ ਪ੍ਰਦਰਸ਼ਨਕਾਰੀਆਂ ਉਤੇ ਸ਼ਿਕੰਜਾ ਕੱਸਣਗੇ। ਸੁਪਰੀਮ ਲੀਡਰ ਅਯਾਤੁੱਲਾ ਅਲੀ ਖਾਮੇਨੇਈ ਨੇ ਦੋਸ਼ ਲਾਇਆ ਕਿ ਟਰੰਪ ਦੇ ਹੱਥ ‘ਈਰਾਨੀਆਂ ਦੇ ਖ਼ੂਨ ਨਾਲ ਰੰਗੇ’ ਹਨ। ਈਰਾਨ ਦੇ ਸਰਕਾਰੀ ਟੈਲੀਵਿਜ਼ਨ ਵਲੋਂ ਪ੍ਰਸਾਰਿਤ ਫੁਟੇਜ ਵਿਚ ਉਨ੍ਹਾਂ ਦੇ ਸਮਰਥਕ ‘ਅਮਰੀਕਾ ਨੂੰ ਮੌਤ!’ ਦੇ ਨਾਅਰੇ ਲਗਾ ਰਹੇ ਸਨ। ਖਾਮੇਨੀ ਨੇ ਟਰੰਪ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਪ੍ਰਦਰਸ਼ਨਕਾਰੀ ‘‘ਕਿਸੇ ਹੋਰ ਦੇਸ਼ ਦੇ ਰਾਸ਼ਟਰਪਤੀ ਨੂੰ ਖ਼ੁਸ਼ ਕਰਨ ਲਈ ਅਪਣੀਆਂ ਸੜਕਾਂ ਬਰਬਾਦ ਕਰ ਰਹੇ ਹਨ।’’ ਵਾਸ਼ਿੰਗਟਨ ਵਲੋਂ ਤੁਰਤ ਕੋਈ ਜਵਾਬ ਨਹੀਂ ਮਿਲਿਆ, ਹਾਲਾਂਕਿ ਟਰੰਪ ਨੇ ਪ੍ਰਦਰਸ਼ਨਕਾਰੀ ਮਾਰੇ ਜਾਣ ਉਤੇ ਈਰਾਨ ਉਤੇ ਹਮਲਾ ਕਰਨ ਦੇ ਅਪਣੇ ਵਾਅਦੇ ਨੂੰ ਦੁਹਰਾਇਆ। ਈਰਾਨ ਦੀ ਧਰਮਸ਼ਾਹੀ ਨੇ ਦੇਸ਼ ਅੰਦਰ ਇੰਟਰਨੈਟ ਅਤੇ ਕੌਮਾਂਤਰੀ ਟੈਲੀਫੋਨ ਕਾਲਾਂ ਨੂੰ ਬੰਦ ਕਰ ਦਿਤਾ ਹੈ। ਹਾਲਾਂਕਿ ਇਸ ਦੇ ਬਾਵਜੂਦ, ਕਾਰਕੁਨਾਂ ਵਲੋਂ ਸਾਂਝੇ ਕੀਤੇ ਗਏ ਛੋਟੇ ਆਨਲਾਈਨ ਵੀਡੀਉਜ਼ ਵਿਚ ਸ਼ੁਕਰਵਾਰ ਸਵੇਰੇ ਰਾਜਧਾਨੀ ਤਹਿਰਾਨ ਅਤੇ ਹੋਰ ਖੇਤਰਾਂ ਦੀਆਂ ਸੜਕਾਂ ਉਤੇ ਮਲਬਾ ਫੈਲਿਆ ਹੋਇਆ ਵਿਖਾਈ ਦੇ ਰਿਹਾ ਹੈ। ਈਰਾਨ ਦੇ ਸਰਕਾਰੀ ਮੀਡੀਆ ਨੇ ਦੋਸ਼ ਲਾਇਆ ਕਿ ਅਮਰੀਕਾ ਅਤੇ ਇਜ਼ਰਾਈਲ ਦੇ ਅਤਿਵਾਦੀ ਏਜੰਟਾਂ ਨੇ ਇਹ ਹਿੰਸਾ ਭੜਕਾਈ



ਹੈ। ਇਸ ਨੇ ਵੇਰਵੇ ਦਿਤੇ ਬਗ਼ੈਰ ਇਹ ਵੀ ਕਿਹਾ ਕਿ ‘ਜਾਨੀ ਨੁਕਸਾਨ’ ਹੋਇਆ ਹੈ। ਇਹ ਵਿਰੋਧ ਪ੍ਰਦਰਸ਼ਨ ਇਸ ਗੱਲ ਦਾ ਪਹਿਲਾ ਇਮਤਿਹਾਨ ਵੀ ਹੈ ਕੀ ਈਰਾਨੀ ਜਨਤਾ ਕ੍ਰਾਊਨ ਪ੍ਰਿੰਸ ਰੇਜ਼ਾ ਪਹਿਲਵੀ ਤੋਂ ਪ੍ਰਭਾਵਤ ਹੋ ਸਕਦੀ ਹੈ, ਜਿਸ ਦੇ ਗੰਭੀਰ ਬਿਮਾਰ ਪਿਤਾ 1979 ਦੇ ਇਸਲਾਮਿਕ ਇਨਕਲਾਬ ਤੋਂ ਠੀਕ ਪਹਿਲਾਂ ਈਰਾਨ ਤੋਂ ਭੱਜ ਗਏ ਸਨ। ਵੀਰਵਾਰ ਰਾਤ ਨੂੰ ਵਿਰੋਧ ਪ੍ਰਦਰਸ਼ਨਾਂ ਦਾ ਸੱਦਾ ਦੇਣ ਵਾਲੇ ਪਹਿਲਵੀ ਨੇ ਵੀ ਇਸੇ ਤਰ੍ਹਾਂ ਸ਼ੁਕਰਵਾਰ ਰਾਤ 8 ਵਜੇ ਪ੍ਰਦਰਸ਼ਨਾਂ ਦਾ ਸੱਦਾ ਦਿਤਾ ਹੈ। ਅਮਰੀਕਾ ਸਥਿਤ ਮਨੁੱਖੀ ਅਧਿਕਾਰ ਕਾਰਕੁਨਾਂ ਦੀ ਨਿਊਜ਼ ਏਜੰਸੀ ਨੇ ਕਿਹਾ ਕਿ ਪ੍ਰਦਰਸ਼ਨਾਂ ਦੇ ਆਲੇ-ਦੁਆਲੇ ਹਿੰਸਾ ਵਿਚ ਹੁਣ ਤਕ ਘੱਟੋ-ਘੱਟ 42 ਲੋਕਾਂ ਦੀ ਮੌਤ ਹੋ ਚੁਕੀ ਹੈ ਜਦਕਿ 2,270 ਤੋਂ ਵੱਧ ਲੋਕਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ। ਚਸ਼ਮਦੀਦਾਂ ਨੇ ਦਸਿਆ ਕਿ ਵੀਰਵਾਰ ਰਾਤ 8 ਵਜੇ ਤਹਿਰਾਨ ਦੇ ਗੁਆਂਢ ਵਿਚ ਲਗ ਰਹੇ ਨਾਅਰਿਆਂ ਵਿਚ ‘ਤਾਨਾਸ਼ਾਹ ਦੀ ਮੌਤ!’ ਅਤੇ ‘ਇਸਲਾਮਿਕ ਗਣਰਾਜ ਦੀ ਮੌਤ!’ ਸ਼ਾਮਲ ਸਨ! ਜਦਕਿ ਕੁੱਝ ਲੋਕਾਂ ਨੇ ਸ਼ਾਹ ਦੀ ਪ੍ਰਸ਼ੰਸਾ ਕੀਤੀ, ਅਤੇ ਕਿਹਾ, ‘‘ਇਹ ਆਖ਼ਰੀ ਲੜਾਈ ਹੈ! ਪਹਿਲਵੀ ਵਾਪਸ ਆ ਜਾਵੇਗਾ!’’ ਪ੍ਰਦਰਸ਼ਨਕਾਰੀਆਂ ਨੇ ਯੂਰਪੀਅਨ ਨੇਤਾਵਾਂ ਨੂੰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਸ਼ਾਮਲ ਹੋਣ ਦਾ ਵਾਅਦਾ ਕਰਨ ਦੀ ਅਪੀਲ ਵੀ ਕੀਤੀ। ਈਰਾਨ ਨੂੰ ਹਾਲ ਹੀ ਦੇ ਸਾਲਾਂ ਵਿਚ ਦੇਸ਼ ਵਿਆਪੀ ਵਿਰੋਧ ਪ੍ਰਦਰਸ਼ਨਾਂ ਦਾ ਸਾਹਮਣਾ ਕਰਨਾ ਪਿਆ ਹੈ। ਜਿਵੇਂ ਕਿ ਪਾਬੰਦੀਆਂ ਸਖ਼ਤ ਹੋਈਆਂ ਅਤੇ ਈਰਾਨ 12 ਦਿਨਾਂ ਦੀ ਜੰਗ ਤੋਂ ਬਾਅਦ ਸੰਘਰਸ਼ ਕਰ ਰਿਹਾ ਸੀ, ਦਸੰਬਰ ਵਿਚ ਇਸ ਦੀ ਰਿਆਲ ਕਰੰਸੀ ਡਿੱਗ ਕੇ 1.4 ਮਿਲੀਅਨ ਪ੍ਰਤੀ 1 ਡਾਲਰ ਤਕ ਪਹੁੰਚ ਗਈ। ਇਸ ਤੋਂ ਤੁਰਤ ਬਾਅਦ ਵਿਰੋਧ ਪ੍ਰਦਰਸ਼ਨ ਸ਼ੁਰੂ ਹੋ ਗਏ, ਪ੍ਰਦਰਸ਼ਨਕਾਰੀਆਂ ਨੇ ਈਰਾਨ ਦੀ ਧਰਮਸ਼ਾਹੀ ਦੇ ਵਿਰੁਧ ਨਾਅਰੇ ਲਗਾਏ। ਇਹ ਸਪੱਸ਼ਟ ਨਹੀਂ ਹੈ ਕਿ ਈਰਾਨੀ ਅਧਿਕਾਰੀਆਂ ਨੇ ਅਜੇ ਤਕ ਪ੍ਰਦਰਸ਼ਨਕਾਰੀਆਂ ਉਤੇ ਸਖ਼ਤ ਕਾਰਵਾਈ ਕਿਉਂ ਨਹੀਂ ਕੀਤੀ ਹੈ।

## ਕੈਨੇਡਾ 'ਚ ਪਰਵਾਸੀ ਨਹੀਂ ਸੱਦ ਸਕਣਗੇ ਆਪਣੇ ਮਾਪੇ




**ਕੈਨੇਡਾ।** ਕੈਨੇਡਾ ਸਰਕਾਰ ਨੇ ਪਰਵਾਸੀਆਂ ਲਈ ਇਕ ਨਵੇਂ ਨਿਯਮ ਜਾਰੀ ਕੀਤੇ ਹਨ, ਹੁਣ ਕੈਨੇਡਾ ‘ਚ ਰਹਿਣ ਵਾਲੇ ਪ੍ਰਵਾਸੀ ਆਪਣੇ ਮਾਪੇ ਨਹੀਂ ਸੱਦ ਸਕਣਗੇ। ਬਜ਼ੁਰਗਾਂ ਦੇ ਸਪਾਂਸਰ ਵੀਜ਼ਿਆਂ ‘ਤੇ ਰੋਕ ਲੱਗਾ ਦਿੱਤੀ ਗਈ ਹੈ ਤੇ ਕੈਨੇਡਾ ਨੇ ਸਾਲ 2026 ਲਈ ਨਵੀਆਂ ਅਰਜ਼ੀਆਂ ਲੈਣੀਆਂ ਬੰਦ ਕੀਤੀਆਂ ਹਨ। ਕੈਨੇਡਾ ਆਏ ਦਿਨ ਵੀਜ਼ਾ ਨਿਯਮਾਂ ਨੂੰ ਸਖ਼ਤ ਕਰਦਾ ਰਿਹਾ ਹੈ ਜਿਸ ਦਾ ਭਾਰਤੀਆਂ ਖਾਸ ਕਰਕੇ ਪੰਜਾਬੀਆਂ ‘ਤੇ ਭਾਰੀ ਪ੍ਰਭਾਵ ਪੈ ਰਿਹਾ ਹੈ। ਨਵੇਂ ਫਰਮਾਨ ਤਹਿਤ ਹੁਣ ਕੈਨੇਡਾ ਵਿਚ ਰਹਿਣ ਵਾਲੇ ਪ੍ਰਵਾਸੀ ਆਪਣੇ ਮਾਪੇ ਨਹੀਂ ਸੱਦ ਸਕਣਗੇ। ਇਮੀਗ੍ਰੇਸ਼ਨ ਨੀਤੀਆਂ ਵਿਚ ਲਗਾਤਾਰ ਬਦਲਾਅ ਹੋ ਰਹੇ ਹਨ। ਓਟਾਵਾ ਨੇ 2026 ਵਿਚ ਬਜ਼ੁਰਗਾਂ, ਦਾਦਾ-ਦਾਦੀ ਤੇ ਇਮੀਗ੍ਰੇਸ਼ਨ ਅਰਜ਼ੀਆਂ ਦੇ ਦਰਵਾਜ਼ੇ ਬੰਦ ਕਰ ਦਿੱਤੇ ਹਨ। ਕੈਨੇਡਾ 2026 ਲਈ ਇਮੀਗ੍ਰੇਸ਼ਨ ਅਰਜ਼ੀਆਂ ‘ਤੇ ਰੋਕ ਲਗਾ ਰਿਹਾ ਹੈ ਜਿਸ ਦਾ ਮਤਲਬ ਸਰਕਾਰ ਉਨ੍ਹਾਂ ਲੋਕਾਂ ਦੇ ਪਰਿਵਾਰ ਪੁਨਰ ਏਕੀਕਰਨ ਨੂੰ ਰੋਕ ਦੇਵੇਗੀ ਜੋ ਉਮੀਦ ਕਰਦੇ ਹਨ ਕਿ ਉਹ ਸਪਾਂਸਰ ਵੀਜ਼ਾ ਭੇਜ ਕੇ ਆਪਣੇ ਮਾਪੇ, ਦਾਦਾ-ਦਾਦੀ ਜਾਂ ਕਿਸੇ ਰਿਸ਼ਤੇਦਾਰ ਨੂੰ ਬੁਲਾ ਲੈਣਗੇ।



# ਆਖਰ ਖਤਰਨਾਕ ਪਲਾਸਟਿਕ (ਚਾਈਨਾ) ਡੋਰ ਕਦੋਂ ਹੋਵੇਗੀ ਬੰਦ

## ਹਰ ਸਾਲ ਵਾਪਰਦੇ ਹਨ ਹਾਦਸੇ : ਸੁਰਿੰਦਰ ਸ਼ਿੰਦਾ ਪ੍ਰਧਾਨ ਰੈਲਮਾਜਰਾ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਪਤੰਗ ਉਡਾਉਣ ਲਈ ਵਰਤੀ ਜਾ ਰਹੀ ਖਤਰਨਾਕ ਪਲਾਸਟਿਕ (ਚਾਈਨਾ) ਡੋਰ 'ਤੇ ਪਾਬੰਦੀ ਲਈ ਭਾਵੇਂ ਹਰ ਸਾਲ ਖਬਰਾਂ ਪ੍ਰਕਾਸ਼ਿਤ ਹੁੰਦੀਆਂ ਆ ਰਹੀਆਂ ਹਨ ਅਤੇ ਪ੍ਰਸ਼ਾਸਨ ਵੱਲੋਂ ਵੀ ਇਸ ਡੋਰ ਦੀ ਵਿਕਰੀ ਨੂੰ ਰੋਕਣ ਲਈ ਕਰੜੇ ਯਤਨਾਂ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਪ੍ਰੰਤੂ ਪ੍ਰਸ਼ਾਸਨ ਦੀ ਸਖਤੀ ਦੇ ਬਾਵਜੂਦ ਵੀ ਚਾਈਨਾ ਡੋਰ ਇਸ ਵਾਰ ਫਿਰ ਬੱਚਿਆਂ ਅਤੇ ਨੌਜਵਾਨਾਂ ਦੇ ਹੱਥਾਂ ਵਿੱਚ ਦੇਖੀ ਜਾ ਰਹੀ ਹੈ।

ਇਸ ਸਬੰਧੀ ਪੱਤਰਕਾਰਾਂ ਨਾਲ ਗੱਲਬਾਤ ਉੱਘੇ ਸਮਾਜ ਸੇਵੀ ਪ੍ਰਧਾਨ ਸੁਰਿੰਦਰ ਸ਼ਿੰਦਾ ਰੈਲਮਾਜਰਾ ਨੇ ਦੱਸਿਆ ਕਿ ਕਸਬਾ ਕਾਠਗੜ੍ਹ ਦੇ ਨਾਲ ਲੱਗਦੇ ਪਿੰਡਾਂ ਵਿੱਚ ਬੱਚੇ ਅਤੇ ਨੌਜਵਾਨ ਪਤੰਗ ਉਡਾਉਣ ਲਈ ਜ਼ਿਆਦਾਤਰ



ਪਲਾਸਟਿਕ ਦੀ ਡੋਰ ਵਰਤ ਰਹੇ ਹਨ ਪ੍ਰੰਤੂ ਹੈਰਾਨੀ ਦੀ ਗੱਲ ਹੈ ਕਿ ਜਦੋਂ ਇਸ ਡੋਰ 'ਤੇ ਮੁਕੰਮਲ ਪਾਬੰਦੀ ਹੈ ਤਾਂ ਫਿਰ ਇਹ ਡੋਰ ਸ਼ਹਿਰਾਂ ਤੋਂ ਪਿੰਡਾਂ ਵੱਲ ਕਿਵੇਂ ਆ ਰਹੀ ਹੈ। ਕੁੱਝ ਸਮੇਂ ਦੇ ਮਨੋਰੰਜਨ ਵਾਸਤੇ ਇਸ ਖਤਰਨਾਕ ਡੋਰ ਨਾਲ ਲੋਕਾਂ ਤੇ ਪੰਛੀਆਂ ਦੀ ਜ਼ਿੰਦਗੀ ਨੂੰ ਖਤਰੇ ਵਿੱਚ ਪਾਇਆ ਜਾ ਰਿਹਾ ਹੈ। ਪਤੰਗ ਵਿਕਰੇਤਾ ਦੁਕਾਨਾਂ 'ਤੇ ਤਾਂ ਧਾਗੇ ਦੀ ਡੋਰ ਰੱਖਦੇ ਹਨ ਪਰੰਤੂ ਚਾਈਨਾ ਡੋਰ ਨੂੰ ਗੁਪਤ ਥਾਂ 'ਤੇ ਛੁਪਾ ਕੇ ਰੱਖਦੇ ਹਨ ਅਤੇ ਚਾਈਨਾ ਡੋਰ ਮੰਗਣ ਵਾਲੇ ਗ੍ਰਾਹਕ ਨੂੰ ਇਧਰ ਉਧਰ ਹੋ ਕੇ ਵੇਚ ਦਿੰਦੇ ਹਨ। ਪ੍ਰਸ਼ਾਸਨ ਨੂੰ ਇਸ ਖਤਰਨਾਕ ਡੋਰ ਦੀ ਵਿਕਰੀ ਨੂੰ ਰੋਕਣ ਲਈ ਪੂਰੀ ਸਖਤੀ ਕਰਨੀ ਚਾਹੀਦੀ ਹੈ ਅਤੇ ਜੋ ਵੀ ਫੜਿਆ ਜਾਂਦਾ ਹੈ ਉਸ ਤੇ ਕਾਨੂੰਨੀ ਕਾਰਵਾਈ ਕੀਤੀ ਜਾਵੇ। ਪੁਲਿਸ ਨੂੰ ਚਾਹੀਦਾ ਹੈ ਕਿ ਜੋ ਬੱਚੇ ਜਾਂ ਨੌਜਵਾਨ ਪਤੰਗ ਉਡਾਉਂਦੇ ਹਨ ਉਹਨਾਂ ਦੀ ਡੋਰ ਨੂੰ ਚੈੱਕ ਕੀਤਾ ਜਾਵੇ ਅਤੇ ਉਹਨਾਂ ਤੋਂ ਪੁੱਛਗਿਛ ਕਰਕੇ ਸਬੰਧਤ ਦੁਕਾਨਦਾਰ ਤੇ ਕਾਰਵਾਈ ਕੀਤੀ ਜਾਵੇ ਪਰ ਜੇਕਰ ਛੋਟੇ ਬੱਚੇ ਨਹੀਂ ਦੱਸਦੇ ਤਾਂ ਉਹਨਾਂ ਦੇ ਮਾਪਿਆਂ 'ਤੇ ਬਣਦੀ ਕਾਰਵਾਈ ਕੀਤੀ ਜਾਵੇ। ਇਸ ਤੋਂ ਇਲਾਵਾ ਜੋ ਲਾਲਚੀ ਦੁਕ-ਾਨਦਾਰ ਚਾਈਨਾ ਡੋਰ ਵੇਚਣ ਨੂੰ ਸ਼ਾਨ ਸਮਝਦੇ ਹਨ ਉਹਨਾਂ ਨੂੰ ਗੰਭੀਰਤਾ ਨਾਲ ਸੋਚਣਾ ਚਾਹੀਦਾ ਹੈ ਕਿ ਇਸ ਦੇ ਨੁਕ-ਸਾਨ ਕਿੰਨੇ ਹਨ, ਜੇਕਰ ਦੁਕ-ਾਨਦਾਰ ਆਪਣੇ ਲਾਲਚ ਪੁਣੇ ਨੂੰ ਤਿਆਗ ਕੇ ਧਾਗੇ ਦੀ ਡੋਰ ਵੇਚਣ ਤਾਂ ਇਸ ਖਤਰਨਾਕ ਡੋਰ ਦੀ ਵਰਤੋਂ ਦੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।

# ਗੋਲਡਨ ਸਟਾਰ ਗਾਇਕ ਮਲਕੀਤ ਸਿੰਘ ਨੇ ਆਪਣੀ ਗਾਇਕੀ ਦੇ 40 ਵਰੇ ਸ਼ਾਨਦਾਰ ਅਤੇ ਕਾਮਯਾਬੀ ਨਾਲ ਕੀਤੇ ਪੂਰੇ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਪੰਜਾਬੀ ਲੋਕ ਗਾਇਕੀ ਨੂੰ ਅੰਤਰਰਾਸ਼ਟਰੀ ਪੱਧਰ 'ਤੇ ਮਾਣ ਦਿਵਾਉਣ ਵਾਲੇ ਪ੍ਰਸਿੱਧ ਗਾਇਕ ਗੋਲਡਨ ਸਟਾਰ ਮਲਕੀਤ ਸਿੰਘ ਜੀ ਦਾ ਨਾਮ ਅੱਜ ਦੁਨੀਆ ਭਰ ਵਿੱਚ ਬੜੇ ਸਤਿਕਾਰ ਨਾਲ ਲਿਆ ਜਾਂਦਾ ਹੈ। ਮਲਕੀਤ ਸਿੰਘ ਨੂੰ ਮਿਲਿਆ 'ਗੋਲਡਨ ਸਟਾਰ' ਦਾ ਤਖ਼ੱਲਸ ਉਨ੍ਹਾਂ ਦੀ ਅਟੁੱਟ ਮਿਹਨਤ, ਬੇਮਿ-ਸਾਲ ਗਾਇਕੀ ਅਤੇ ਦਰਸ਼ਕਾਂ ਵੱਲੋਂ ਮਿਲੇ ਅਥਾਹ ਪਿਆਰ ਦਾ ਨਤੀਜਾ ਹੈ, ਜੋ ਸਮੇਂ ਦੇ ਨਾਲ ਉਨ੍ਹਾਂ ਦੀ ਪਹਿਚਾਣ ਬਣ ਗਿਆ। ਜ਼ਿਕਰਯੋਗ ਹੈ ਕਿ ਗਾਇਕ ਮਲਕੀਤ ਸਿੰਘ ਨੇ ਅੱਜ ਤੋਂ 40 ਵਰੇ ਪਹਿਲਾਂ ਇੱਕ ਪਗੜੀਧਾਰੀ ਪੰਜਾਬੀ ਗਾਇਕ ਵਜੋਂ ਅੰਤਰਰਾਸ਼ਟਰੀ ਪੱਧਰ ਤੇ ਆਪਣੀ ਪਹਿਚਾਣ ਕਾਇਮ ਕੀਤੀ , ਜਿਨ੍ਹਾਂ ਨੂੰ ਵੇਖ ਕੇ ਹੋਰ ਵੀ ਪੰਜਾਬੀ ਗਾਇਕ ਪੱਗ ਬੰਨ ਕੇ ਗਾਇਕੀ ਦੇ ਖੇਤਰ ਵਿੱਚ ਨਿਤਰੇ। ਗੋਲਡਨ ਸਟਾਰ ਗਾਇਕ ਮਲਕੀਤ ਸਿੰਘ ਪਹਿਲੇ ਪੰਜਾਬੀ ਗਾਇਕ ਹਨ, ਜਿਨਾਂ ਦਾ ਨਾਂ ਗਿਨਜ ਬੁੱਕ ਆਫ਼ ਰਿਕਾਰਡ ਵਿੱਚ ਕਈ ਸਾਲ ਪਹਿਲਾਂ ਦਰਜ ਹੋ ਚੁੱਕਾ ਹੈ। ਗਾਇਕ ਮਲਕੀਤ ਸਿੰਘ ਇਸ ਵੇਲੇ ਵੀ ਆਪਣੇ ਪਰਿਵਾਰਕ ਅਤੇ ਸੱਭਿਆਚਾਰਕ ਗੀਤਾਂ ਰਾਹੀਂ ਦੇਸ਼ਾਂ ਵਿਦੇਸ਼ਾਂ ਵਿੱਚ ਪ੍ਰਸਿੱਧੀ ਖੱਟ ਰਹੇ ਹਨ। ਪੰਜਾਬੀ ਭਾਈਚਾਰੇ ਲਈ ਹੋਰ ਵੀ ਮਾਣ ਵਾਲੀ ਗੱਲ ਹੈ ਕਿ ਗਾਇਕ ਮਲਕੀਤ ਸਿੰਘ ਦੇ ਗੀਤਾਂ ਨੂੰ ਹੁਣ ਵਿਦੇਸ਼ੀ ਇੰਗਲਿਸ਼ ਫਿਲਮਾਂ ਵਿਚ ਫ਼ਿਲਮਾਇਆ ਜਾ ਰਿਹਾ ਹੈ। ਗਾਇਕ ਗੋਲਡਨ ਸਟਾਰ ਮਲਕੀਤ ਸਿੰਘ ਨੇ ਆਪਣੀ ਗਾਇਕੀ ਦੇ ਸਫ਼ਰ ਦੇ 40 ਸਾਲ ਬਹੁਤ ਹੀ ਸ਼ਾਨਦਾਰ, ਜਾਨਦਾਰ ਅਤੇ ਕਾਮਯਾਬੀ ਨਾਲ ਪੂਰੇ ਕਰ ਲਏ ਹਨ। ਮਲਕੀਤ ਸਿੰਘ ਨੇ ਆਪਣੀ ਸੁਰੀਲੀ ਆਵਾਜ਼ ਅਤੇ ਪੰਜਾਬੀ ਲੋਕਧਾਰਾ ਨਾਲ ਜੁੜੇ ਗੀਤਾਂ ਰਾਹੀਂ ਪੰਜਾਬੀ ਸੱਭਿਆਚਾਰ ਨੂੰ ਦੇਸ਼-



ਵਿਦੇਸ਼ ਤੱਕ ਪਹੁੰਚਾਇਆ। ਉਨ੍ਹਾਂ ਦੇ ਗੀਤਾਂ ਵਿੱਚ ਪੰਜਾਬ ਦੀ ਮਿੱਟੀ ਦੀ ਮਹਿਕ, ਸੱਭਿਆਚਾਰਕ ਵਿਰਾਸਤ ਅਤੇ ਲੋਕਾਂ ਦੇ ਜਜ਼ਬਾਤ ਸਾਫ਼ ਨਜ਼ਰ ਆਉਂਦੇ ਹਨ। ਇਸੇ ਕਰਕੇ ਦਰਸ਼ਕਾਂ ਨੇ ਪਿਆਰ ਅਤੇ ਸਤਿਕਾਰ ਨਾਲ ਉਨ੍ਹਾਂ ਨੂੰ 'ਗੋਲਡਨ ਸਟਾਰ' ਦਾ ਦਰਜਾ ਦਿੱਤਾ, ਜੋ ਅੱਜ ਵੀ ਉਨ੍ਹਾਂ ਦੇ ਨਾਮ ਨਾਲ ਜੁੜਿਆ ਹੋਇਆ ਹੈ। ਪੰਜਾਬੀ ਸੰਗੀਤ ਅਤੇ ਸੱਭਿਆਚਾਰ ਲਈ ਦਿੱਤੀਆਂ ਗਈਆਂ ਅਣਮੋਲ ਸੇਵਾਵਾਂ ਦੇ ਸਨਮਾਨ ਵਜੋਂ ਗਾਇਕ ਮਲਕੀਤ ਸਿੰਘ ਨੂੰ ਬਰਤਾਨੀਆ ਦੀ ਮਹਾਰਾਣੀ ਐਲਿਜ਼ਾਬੈਥ ਦੂਜੀ ਪਾਸੋਂ ਐਮ ਬੀ ਈ (ਮੈਂਬਰ ਆਫ਼ ਬ੍ਰਿਟਿਸ਼ ਐਂਪਾਇਰ) ਪੁਰਸਕਾਰ ਨਾਲ ਨਿਵਾਜਿਆ ਗਿਆ। ਇਹ ਸਨਮਾਨ ਸਿਰਫ਼ ਉਨ੍ਹਾਂ ਦੀ ਨਿੱਜੀ ਉਪਲਬਧੀ ਨਹੀਂ ਸੀ, ਸਗੋਂ ਸਮੂਹ ਪੰਜਾਬੀ ਭਾਈਚਾਰੇ ਲਈ ਮਾਣ ਵਾਲੀ ਗੱਲ ਸੀ। ਇਸ ਪੁਰਸਕਾਰ ਨੇ ਸਾਬਤ ਕਰ ਦਿੱਤਾ ਕਿ ਪੰਜਾਬੀ ਲੋਕ ਗਾਇਕੀ ਅਤੇ ਸੱਭਿਆਚਾਰ ਦੀ ਕਦਰ ਵਿਦੇਸ਼ੀ ਧਰਤੀ 'ਤੇ ਵੀ ਕੀਤੀ ਜਾਂਦੀ ਹੈ।ਇਸ ਮੌਕੇ ਮਲਕੀਤ ਸਿੰਘ ਨੇ ਨਿਮਰਤਾ ਨਾਲ ਕਿਹਾ ਸੀ ਕਿ ਇਹ ਮਾਣ ਉਹ ਆਪਣੇ ਪੰਜਾਬ, ਆਪਣੀ ਮਾਂ-ਬੋਲੀ ਅਤੇ ਆਪਣੇ ਦਰਸ਼ਕਾਂ ਨੂੰ ਸਮਰਪਿਤ ਕਰਦੇ ਹਨ, ਜਿਨ੍ਹਾਂ ਨੇ ਹਮੇਸ਼ਾਂ ਉਨ੍ਹਾਂ ਦਾ ਹੌਂਸਲਾ ਵਧਾਇਆ। ਬਰਤਾਨੀਆ ਵਿੱਚ ਲੰਮੇ ਸਮੇਂ ਤੋਂ ਵਸਦੇ ਹੋਏ ਵੀ ਉਨ੍ਹਾਂ ਨੇ ਪੰਜਾਬੀ ਸੱਭਿਆਚਾਰ ਨਾਲ ਆਪਣਾ ਨਾਤਾ ਕਦੇ ਨਹੀਂ ਤੋੜਿਆ ਅਤੇ ਹਰ ਮੰਚ 'ਤੇ ਪੰਜਾਬ ਦੀ ਨੁਮਾਇੰਦਗੀ ਕੀਤੀ।ਅਨੇਕ ਸਨਮਾਨਾਂ ਅਤੇ ਸਫਲਤਾਵਾਂ ਦੇ ਬਾਵਜੂਦ ਮਲਕੀਤ ਸਿੰਘ ਦੀ ਸਾਦਗੀ, ਨਿਮਰਤਾ ਅਤੇ ਲੋਕਾਂ ਨਾਲ ਜੁੜਾਅ ਅੱਜ ਵੀ ਉਨ੍ਹਾਂ ਦੀ ਸਭ ਤੋਂ ਵੱਡੀ ਪਹਿਚਾਣ ਹੈ। ਗੋਲਡਨ ਸਟਾਰ ਮਲਕੀਤ ਸਿੰਘ ਅੱਜ ਵੀ ਆਪਣੀ ਗਾਇਕੀ ਰਾਹੀਂ ਪੰਜਾਬੀ ਸੱਭਿਆਚਾਰ ਦੀ ਰੌਸ਼ਨੀ ਨੂੰ ਵਿਦੇਸ਼ਾਂ ਦੀ ਧਰਤੀ 'ਤੇ ਰੌਸ਼ਨ ਕਰ ਰਹੇ ਹਨ।

# ਗਾਇਕ ਤੇ ਗੀਤਕਾਰ ਕੁਲਵੀਰ ਲੱਲੀਆਂ ਜਲਦ ਹੀ ਲੈ ਕੇ ਆ ਰਹੇ ਹਨ ਧਾਰਮਿਕ ਗੀਤ 'ਤੂੰਬਾ ਮੀਰਾਂ ਦਾ'

**ਫਿਲੌਰ/ਅੱਪਰਾ, (ਦੀਪਾ)-** ਪ੍ਰਸਿੱਧ ਪੰਜਾਬੀ ਗਾਇਕ ਤੇ ਗੀਤਕਾਰ ਕੁਲਵੀਰ ਲੱਲੀਆਂ ਜਲਦ ਹੀ ਸਰੋਤਿਆਂ ਦੀ ਕਚਿਹਰੀ 'ਚ ਆਪਣੇ ਧਾਰਮਿਕ ਗੀਤ 'ਤੂੰਬਾ ਮੀਰਾਂ ਦਾ' ਦੇ ਨਾਲ ਹਾਜ਼ਰੀ ਲਗਵਾਉਣ ਲਈ ਆ ਰਹੇ ਹਨ । ਇਸ ਸੰਬੰਧੀ ਜਾਣਕਾਰੀ ਦਿੰਦਿਆਂ ਪੇਸ਼ਕਾਰ ਤਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਗੀਤ ਨੂੰ ਕਮਲ ਮਿਊਜਿਕ ਰਿਕ-ਾਰਡ ਵਲੋਂ ਮਾਰਕੀਟ 'ਚ ਪੇਸ਼ ਕੀਤਾ ਜਾ ਰਿਹਾ ਹੈ ਙ ਇਸ ਗੀਤ ਨੂੰ ਗੀਤਕਾਰ ਸ਼ਾਮ ਲਾਲ ਨੇ ਕਮਲਬੱਧ ਕੀਤਾ । ਇਸ




ਧਾਰਮਿਕ ਗੀਤ ਨੂੰ ਨੌਜਵਾਨ ਸੰਗੀਤਕਾਰ ਲੱਕੀ ਅੱਪਰਾ ਨੇ ਸੰਗੀਤਕ ਧੁਨਾਂ 'ਚ ਪਿਰੋਇਆ ਹੈ । ਪੇਸ਼ਕਾਰ ਤਲਵਿੰਦਰ ਢਿੱਲੋਂ ਤੇ ਗਾਇਕ ਕੁਲਵੀਰ ਲੱਲੀਆਂ ਨੇ ਆਸ ਪ੍ਰਗਟਾਈ ਹੈ ਕਿ ਸਰੋਤੇ ਉਨ੍ਹਾਂ ਦੇ ਇਸ ਧਾਰਮਿਕ ਗੀਤ ਨੂੰ ਪਹਿਲਾਂ ਆਏ ਗੀਤਾਂ ਦੀ ਤਰਾਂ ਭਰਵਾਂ ਮਾਣ ਤੇ ਸਤਿਕ-ਾਰ ਦੇਣਗੇ ।

# ਤੂਫ਼ਾਨ ਦੌਰਾਨ ਬਰਮਿੰਘਮ 'ਚ ਆਸਮਾਨ ਗੁਲਾਬੀ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਇੰਗਲੈਂਡ ਦੇ ਸ਼ਹਿਰ ਬਰਮਿੰਘਮ ਵਿੱਚ ਤੂਫ਼ਾਨੀ ਮੌਸਮ ਦੌਰਾਨ ਲੋਕਾਂ ਨੇ ਅਨੋਖਾ ਦ੍ਰਿਸ਼ ਦੇਖਿਆ, ਜਦੋਂ ਰਾਤ ਵੇਲੇ ਆਸਮਾਨ ਅਚਾਨਕ ਗੁਲਾਬੀ ਰੰਗ ਵਿੱਚ ਨਜ਼ਰ ਆਇਆ। ਇਸ ਅਜੀਬ ਨਜ਼ਾਰੇ ਨੇ ਲੋਕਾਂ ਦੀ ਧਿਆਨ ਖਿੱਚ ਲਿਆ ਅਤੇ ਕਈ ਇਲਾਕਿਆਂ 'ਚ ਲੋਕ ਘਰਾਂ ਤੋਂ ਬਾਹਰ ਨਿਕਲ ਕੇ ਆਸਮਾਨ ਵੱਲ ਤੱਕਦੇ ਰਹੇ। ਮੌਸਮ ਮਾਹਿਰਾਂ ਮੁਤਾਬਕ ਇਹ ਗੁਲਾਬੀ ਚਮਕ ਕਿਸੇ ਕੁਦਰਤੀ ਖ਼ਤਰੇ ਦਾ ਸੰਕੇਤ ਨਹੀਂ ਸੀ, ਸਗੋਂ ਸ਼ਹਿਰ ਦੇ ਵੱਡੇ ਮੈਦਾਨ ਦੀਆਂ ਤੀਬਰ ਬੱਤੀਆਂ ਤੂਫ਼ਾਨੀ ਬੱਦਲਾਂ ਨਾਲ ਟਕਰਾ ਕੇ ਆਸਮਾਨ 'ਚ ਫੈਲ ਗਈਆਂ। ਭਾਰੀ ਬੱਦਲਾਂ ਅਤੇ ਨਮੀ ਵਾਲੀ ਹਵਾ ਕਾਰਨ ਰੋਸ਼ਨੀ ਨੇ ਆਸਮਾਨ ਨੂੰ ਗੁਲਾਬੀ ਰੰਗ ਦੇ ਦਿੱਤਾ, ਜੋ ਦੂਰ-ਦੂਰ ਤੱਕ ਦਿਖਾਈ ਦਿੱਤਾ। ਸਥਾਨਕ



**ਤੂਫ਼ਾਨੀ ਮੌਸਮ ਦੌਰਾਨ ਬਰਮਿੰਘਮ ਵਿੱਚ ਮੈਦਾਨ ਦੀਆਂ ਬੱਤੀਆਂ ਬੱਦਲਾਂ ਨਾਲ ਟਕਰਾਉਣ ਕਾਰਨ ਆਸਮਾਨ ਗੁਲਾਬੀ ਰੰਗ ਵਿੱਚ ਦਿਖਾਈ ਦਿੱਤਾ। ਤਸਵੀਰ:- ਸੁਖਜਿੰਦਰ ਸਿੰਘ ਢੱਡੇ**

ਵਸਨੀਕਾਂ ਨੇ ਦੱਸਿਆ ਕਿ ਪਹਿਲੀ ਵਾਰ ਇਹ ਨਜ਼ਾਰਾ ਦੇਖ ਕੇ ਕੁਝ ਲੋਕ ਹੈਰਾਨ ਵੀ ਹੋਏ ਅਤੇ ਕੁਝ ਨੂੰ ਇਹ ਦ੍ਰਿਸ਼ ਬਹੁਤ ਸੋਹਣਾ ਲੱਗਾ। ਕਈ ਲੋਕਾਂ ਨੇ ਇਸ ਪਲ ਨੂੰ ਆਪਣੇ ਫ਼ੋਨਾਂ ਵਿੱਚ ਕੈਦ ਕਰ ਲਿਆ ਅਤੇ ਤਸਵੀਰਾਂ ਆਪਸ ਵਿੱਚ ਸਾਂਝੀਆਂ ਕੀਤੀਆਂ। ਤੂਫ਼ਾਨ ਕਾਰਨ ਪਹਿਲਾਂ ਹੀ ਮੌਸਮ ਗੰਭੀਰ ਬਣਿਆ ਹੋਇਆ ਸੀ, ਪਰ ਇਸ ਰੰਗੀਨ ਆਸਮਾਨ ਨੇ ਕੁਝ ਸਮੇਂ ਲਈ ਲੋਕਾਂ ਦਾ ਧਿਆਨ ਡਰ ਤੋਂ ਹਟਾ ਦਿੱਤਾ। ਪ੍ਰਸ਼ਾਸਨ ਵੱਲੋਂ ਸਪੱਸ਼ਟ ਕੀਤਾ ਗਿਆ ਹੈ ਕਿ ਇਸ ਗੁਲਾਬੀ ਆਸਮਾਨ ਨਾਲ ਕਿਸੇ ਵੀ ਤਰ੍ਹਾਂ ਦਾ ਖ਼ਤਰਾ ਨਹੀਂ ਸੀ ਅਤੇ ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ। ਮੌਸਮ ਸਧਾਰਨ ਹੋਣ ਨਾਲ ਆਸਮਾਨ ਨੇ ਮੁੜ ਆਪਣਾ ਆਮ ਰੰਗ ਧਾਰਨ ਕਰ ਲਿਆ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਪੇਂਡੂ ਮਜ਼ਦੂਰ ਯੂਨੀਅਨ ਵਲੋਂ ਮਗਨਰੇਗਾ ਕਾਨੂੰਨ ਨੂੰ ਲੈ ਕੇ ਭਾਜਪਾ ਪ੍ਰਧਾਨ ਦਾ ਵਿਰੋਧ

**● ਸੂਬਾ ਜਨਰਲ ਸਕੱਤਰ ਰਸੂਲਪੁਰ,ਜ਼ਿਲ੍ਹਾ ਪ੍ਰਧਾਨ ਮਾਣੂੰਕੇ ਦੀ ਗ੍ਰਿਫ਼ਤਾਰੀ ਦੀ ਨਿੰਦਾ ● ਯੂਨੀਅਨ ਨੇ ਬੁਲਾਈ ਸੂਬਾ ਕਮੇਟੀ ਦੀ ਮੀਟਿੰਗ**



**ਜਗਰਾਓਂ (ਹਰਜਿੰਦਰ ਸਿੰਘ ਚੰਦੀ)** ਜਗਰਾਉਂ ਨੇੜਲੇ ਪਿੰਡ ਪੋਨਾ ਵਿਖੇ ਮਗਨਰੇਗਾ ਕਾਨੂੰਨ ਖ਼ਤਮ ਕਰਕੇ ਨਵੇਂ ਬਣੇ ਕਨੂੰਨ ਦੀਆਂ ਵਿਸ਼ੇਸ਼ਤਾਵਾਂ ਦੱਸਣ ਪੁੱਜੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਦੀ ਆਮਦ ਮੌਕੇ ਜਾਖੜ ਨੂੰ ਪੇਂਡੂ ਮਜ਼ਦੂਰਾਂ ਦੇ ਵਿਰੋਧ ਦਾ ਸਾਹਮਣਾ ਕਰਨਾ ਪਿਆ। ਇਸ ਮੌਕੇ ਮਗਨਰੇਗਾ ਕਾਨੂੰਨ ਖ਼ਤਮ ਕਰਨ ਦਾ ਵਿਰੋਧ ਕਰਨ ਵਾਲੇ ਪੇਂਡੂ ਮਜ਼ਦੂਰਾਂ ਦੀ ਅਗਵਾਈ ਕਰ ਰਹੇ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ, ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਮਾਣੂੰਕੇ ਅਤੇ ਮਦਨ ਲਾਲ ਨੂੰ ਥਾਣਾ ਸਦਰ ਜਗਰਾਉਂ ਪੁਲਿਸ ਵਲੋਂ ਹਿਰਾਸਤ ਵਿੱਚ ਲੈਣ ਅਤੇ ਪੇਂਡੂ ਮਜ਼ਦੂਰਾਂ ਨਾਲ ਧੱਕਾਮੁੱਕੀ ਕਰਨ ਦੀ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੀ ਸੂਬਾ ਕਮੇਟੀ ਨੇ ਸਖ਼ਤ ਸ਼ਬਦਾਂ ਵਿੱਚ ਨਿੰਦਾ ਕਰਦਿਆਂ ਗ੍ਰਿਫ਼ਤਾਰ ਯੂਨੀਅਨ ਆਗੂਆਂ ਨੂੰ ਤੁਰੰਤ ਰਿਹਾਅ ਕਰਨ ਦੀ ਮੰਗ ਕੀਤੀ ਹੈ।

ਯੂਨੀਅਨ ਵਲੋਂ ਇਸ ਗ੍ਰਿਫ਼ਤਾਰੀ ਦਾ ਗੰਭੀਰ ਨੋਟਿਸ ਲੈਂਦੇ ਹੋਏ ਕੇਂਦਰ ਸਰਕਾਰ ਵਲੋਂ ਮਗਨ-ਰੇਗਾ ਕਾਨੂੰਨ ਖ਼ਤਮ ਕਰਕੇ ਪਾਸ ਕੀਤੇ ਮਜ਼ਦੂਰ ਵਿਰੋਧੀ ਕਾਨੂੰਨ ਨੂੰ ਰੱਦ ਕਰਵਾਉਣ ਆਦਿ ਲਈ ਸੰਘਰਸ਼ ਦੀ ਰੂਪਰੇਖਾ ਉਲੀਕਣ ਲਈ 11 ਜਨਵਰੀ ਨੂੰ ਸੂਬਾ ਕਮੇਟੀ ਦੀ ਮੀਟਿੰਗ ਬੁਲਾਈ ਹੈ।

ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਅਤੇ ਯੂਨੀਅਨ ਦੇ ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਕਿਹਾ ਕਿਇੱਕ ਪਾਸੇ ਕੇਂਦਰ ਦੀ ਭਾਜਪਾ ਸਰਕਾਰ ਵਲੋਂ ਮਗਨਰੇਗਾ ਕਾਨੂੰਨ ਖ਼ਤਮ ਕਰਨ ਦਾ ਭਗਵੰਤ ਮਾਨ ਸਰਕਾਰ ਵਿਰੋਧ ਕਰਨ ਲਈ ਮੱਗਰਮੱਛ ਦੇ ਹੰਝੂ ਵਹਾਉਣ ਦਾ ਖੇਖਣ ਜ਼ਰੂਰ ਕਰ ਰਹੀ ਹੈ ਅਤੇ ਕੇਂਦਰ ਵਲੋਂ ਲਿਆਂਦੇ ਮਜ਼ਦੂਰ ਵਿਰੋਧੀ,ਲੋਕ ਵਿਰੋਧੀ ਬਿਜਲੀ ਸੋਧ ਬਿੱਲ,ਚਾਰ ਕਿਰਤ ਕੋਡ ਅਤੇ ਮਗਨਰੇਗਾ ਕਾਨੂੰਨ ਦੀ ਬਹਾਲੀ ਲਈ ਸੰਘਰਸ਼ ਕਰ ਰਹੇ ਪੇਂਡੂ ਮਜ਼ਦੂਰ ਆਗੂਆਂ ਨੂੰ ਗ੍ਰਿਫ਼ਤਾਰ ਕਰਕੇ ਦੂਜੇ ਪਾਸੇ ਬੀ ਟੀਮ ਵਜੋਂ ਆਪਣੀ ਸਾਂਝ ਦਾ ਧਰਮ ਵੀ ਨਿਭਾਅ ਰਹੀ ਹੈ। ਇਸ ਕੜੀ ਵਜੋਂ ਹੀ ਮਗਨਰੇਗਾ ਕਾਨੂੰਨ ਨੂੰ ਖ਼ਤਮ ਕਰਕੇ ਮਜ਼ਦੂਰ ਵਿਰੋਧੀ ਵਿਕਸਤ ਭਾਰਤ ਜੀ ਰਾਮ ਜੀ ਕਾਨੂੰਨ ਦੇ ਸੋਹਲੇ ਗਾਉਣ ਆਏ ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ ਦਾ ਵਿਰੋਧ ਕਰਨ ਵਾਲੇ ਦਲਿਤ ਪੇਂਡੂ ਮਜ਼ਦੂਰਾਂ ਨਾਲ ਸੂਬਾ ਸਰਕਾਰ ਦੇ ਇਸ਼ਾਰੇ ਉੱਤੇ ਜਗਰਾਉਂ ਪੁਲਿਸ ਨੇ ਧੱਕਾਮੁੱਕੀ ਕੀਤੀ ਅਤੇ ਮਜ਼ਦੂਰਾਂ ਦੀ ਅਗਵਾਈ ਕਰ ਰਹੇ ਯੂਨੀਅਨ ਦੇ ਸੂਬਾ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ, ਜ਼ਿਲ੍ਹਾ ਪ੍ਰਧਾਨ ਸੁਖਦੇਵ ਸਿੰਘ ਮਾਣੂੰਕੇ ਅਤੇ ਮਦਨ ਲਾਲ ਨੂੰ ਹਿਰਾਸਤ ਵਿੱਚ ਲੈ ਕੇ ਥਾਣਾ ਸਦਰ ਜਗਰਾਉਂ ਦੀ ਚੌਂਕੀ ਗਾਲਿਬ ਵਿਖੇ ਬੰਦ ਕਰ ਦਿੱਤਾ। ਉਨ੍ਹਾਂ ਕਿਹਾ ਕਿ ਇਸ ਕੰਮ ਨੇ ਸਾਬਿਤ ਕਰ ਦਿੱਤਾ ਹੈ ਕਿ ਭਗਵੰਤ ਮਾਨ ਸਰਕਾਰ ਭਾਜਪਾ ਦੀ ਬੀ ਟੀਮ ਹੈ। ਉਨ੍ਹਾਂ ਕਿਹਾ ਕਿ ਭਾਜਪਾ ਸਰਕਾਰ ਦੇ ਫੀਲੇ ਪੰਜਾਬ ਭਾਜਪਾ ਆਗੂ ਲੋਕ ਵਿਰੋਧੀ ਤਿੰਨ ਖ਼ੇਤੀ ਕਾਨੂੰਨਾਂ ਅਨੁਸਾਰ ਹੀ ਮਗਨਰੇਗਾ ਕਾਨੂੰਨ ਖ਼ਤਮ ਕਰਕੇ ਮਜ਼ਦੂਰ ਵਿਰੋਧੀ ਵਿਕਸਤ ਭਾਰਤ ਗਾਰੰਟੀ ਫਾਰ ਰੁਜ਼ਗਾਰ ਆਜੀਵਿਕਾ ਫਾਰ ਗ੍ਰਾਮੀਣ ਮਿਸ਼ਨ ਦੇ ਸੋਹਲੇ ਗਾਵਣ ਲਈ ਤੁਰ ਪਏ ਹਨ। ਸਰਕਾਰਾਂ ਦੀਆਂ ਦੇਸੀ ਵਿਦੇਸ਼ੀ ਕਾਰਪੋਰੇਟ ਘਰਾਣਿਆਂ ਤੇ ਜਗੀਰਦਾਰਾਂ ਪੱਖੀ ਨਿੱਜੀਕਰਨ, ਉਦਾਰੀਕਰਨ ਦੀਆਂ ਨੀਤੀਆਂ ਕਾਰਨ ਪਹਿਲਾਂ ਹੀ ਬੇਰੁਜ਼ਗਾਰੀ,ਅਰਧ ਬੇਰੁਜ਼ਗਾਰੀ, ਮਹਿੰਗਾਈ ਦਾ ਸੰਤਾਪ ਹੰਢਾ ਰਹੇ ਮਜ਼ਦੂਰ ਗੁੱਸੇ ਨਾਲ ਭਰੇ ਪੀਤੇ ਸਨ ਅਤੇ ਕੇਂਦਰ ਨੇ ਮਗਨਰੇਗਾ ਕਾਨੂੰਨ ਖ਼ਤਮ ਕਰਨ ਪਾਸ ਕੀਤੇ ਮਜ਼ਦੂਰ ਵਿਰੋਧੀ ਕਾਨੂੰਨ ਨੇ ਬਲ਼ਦੀ ਉੱਪਰ ਤੇਲ ਪਾਉਣ ਦਾ ਕੰਮ ਕਰ ਦਿੱਤਾ ਹੈ। ਯੂਨੀਅਨ ਆਗੂਆਂ ਨੇ ਕਿਹਾ ਕਿ ਜੇਕਰ ਮਜ਼ਦੂਰ ਵਿਰੋਧੀ ਕਾਨੂੰਨ ਵਾਪਿਸ ਲੈ ਕੇ ਮਗਨਰੇਗਾ ਕਾਨੂੰਨ ਬਹਾਲ ਨਾ ਕੀਤਾ ਤਾਂ ਕੇਂਦਰ ਸਰਕਾਰ ਤੇ ਪੰਜਾਬ ਭਾਜਪਾ ਆਗੂਆਂ ਨੂੰ ਮਜ਼ਦੂਰਾਂ ਦੇ ਤਿੱਖੇ ਰੋਹ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਪੰਜਾਬ ਸਰਕਾਰ ਨੂੰ ਵੀ ਕੇਂਦਰੀ ਭਾਜਪਾ ਸਰਕਾਰ ਨਾਲ ਲਾਈਆਂ ਯਾਰੀਆਂ ਬੰਦ ਕਰਨ ਦੀ ਸਲਾਹ ਵੀ ਦਿੱਤੀ ਹੈ।

# ਸਕੂਲ ਮੁਖੀਆਂ ਦੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਅਧੀਨ ਇੱਕ ਰੋਜਾ ਵਰਕਸ਼ਾਪ ਸਫਲਾਪੂਰਵਕ ਸੰਪੰਨ






**ਸ੍ਰੀ ਮੁਕਤਸਰ ਸਾਹਿਬ (ਜਸਵਿੰਦਰ ਪਾਲ ਸ਼ਰਮਾ)** ਐੱਸਸੀਈਆਰਟੀ ਪੰਜਾਬ ਅਤੇ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਦੀ ਸਾਂਝੀ ਪਹਿਲ ਤਹਿਤ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਅਧੀਨ ਸਕੂਲ ਮੁਖੀਆਂ ਦੀ ਵਿਸ਼ੇਸ਼ ਕਾਰਜਸ਼ਾਲਾ ਪੀਐੱਮ ਸ਼੍ਰੀ ਸਸਸਸ (ਲੜਕੇ) ਮਲੋਟ, ਸਸਸਸ (ਲੜਕੀਆਂ) ਗਿੱਦੜਬਾਹਾ ਅਤੇ ਸਸਸਸ (ਲੜਕੀਆਂ) ਮੁਕਤਸਰ ਦੀ ਆਰੰਭਤਾ ਕੀਤੀ ਗਈ ਹੈ। ਸਕੂਲ ਮੁਖੀਆਂ ਦੀ ਇਸ ਜ਼ਿਲ੍ਹਾ ਪੱਧਰੀ ਮਾਨਸਿਕ ਸਿਹਤ ਅਤੇ ਨਸ਼ਾ ਵਿਰੋਧੀ ਕਾਰਜਸ਼ਾਲਾ ਨਾਲ ਸਕੂਲਾਂ ਨਰੋਏ ਵਾਤਾਵਰਣ ਦੀ ਸਿਰਜਨਾ ਸੰਭਵ ਹੋ ਸਕੇਗੀ।

ਇਸ ਇੱਕ ਰੋਜ਼ਾ ਬੈਚ ਵਾਈਜ਼ ਵਰਕਸ਼ਾਪ ਦੀ ਅਗਵਾਈ ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਸ੍ਰੀ ਜਸਪਾਲ ਮੌਂਗਾ ਅਤੇ ਉਪ-ਜ਼ਿਲ੍ਹਾ ਸਿੱਖਿਆ ਅਫਸਰ (ਸੈਕੰਡਰੀ ਸਿੱਖਿਆ) ਸ੍ਰੀ ਰਾਜਿੰਦਰ ਸੋਨੀ ਦੀ ਯੋਗ ਦਿਸ਼ਾ-ਨਿਰਦੇਸ਼ ਹੇਠ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਸਕੂਲ ਮੁਖੀਆਂ ਨੂੰ ਵਿਦਿਆਰਥੀਆਂ ਦੀ ਸਮੂਹਿਕ ਵਿਕਾਸ ਯਾਤਰਾ ਵਿਚ ਮਾਨਸਿਕ ਸਿਹਤ ਦੀ ਕੇਂਦਰੀ ਭੂਮਿਕਾ ਬਾਰੇ ਸੰਵੇਦਨਸ਼ੀਲ ਹੋਣ ਲਈ ਆਪਣਾ ਵਿਸ਼ੇਸ਼ ਸੁਨੇਹਾ ਸਾਂਝਾ ਕੀਤਾ ਹੈ। ਇਸ ਮੌਕੇ ਬਤੌਰ ਰਿਸੋਰਸ ਪਰਸਨ ਤਾਰਾਪ੍ਰੀਤ ਕੌਰ, ਵਰਤਿਕਾ ਕੇਸਰੀ, ਦੀਕਸ਼ਾ, ਰਿਆ ਸ਼ਰਮਾਂ ਦੁਆਰਾ ਸੰਤੁਲਿਤ ਮਾਨਸਿਕ ਵਿਕਾਸ ਅਤੇ ਨਸ਼ਿਆਂ ਦੀ ਰੋਕਥਾਮ ਲਈ ਨੁਕਤੇ ਵੀ ਸਾਂਝੇ ਕੀਤੇ। ਜੀਵਨ ਜਾਂਚ ਕਲਾ ਦੁਆਰਾ ਵਿਦਿਆਰਥੀਆਂ ਦੀ ਸ਼ਖਸੀਅਤ ਉਸਾਰੀ ਉਨ੍ਹਾਂ ਨੇ ਕਿਸ਼ੋਰ ਅਵਸਥਾ ਵਿਚ ਪੈਦਾ ਹੋਣ ਵਾਲੀਆਂ ਸਮੱਸਿਆਵਾਂ, ਨਸ਼ੇ ਦੀ ਸ਼ੁਰੂਆਤੀ ਪ੍ਰਵਿਰਤੀ, ਮਨੋ-ਸਮਾਜਿਕ ਦਬਾਅ, ਅਕਾਦਮਿਕ ਤਣਾਅ, ਸਮਕਾਲੀ ਦਬਾਅ, ਹਮ-ਉਮਰ ਹਾਣੀਆਂ ਦਾ ਦਬਾਵ ਅਤੇ ਇਨ੍ਹਾਂ ਦੇ ਵਿਦਿਆਰਥੀ ਵਿਹਾਰ-ਸਿਹਤ 'ਤੇ ਪੈਣ ਵਾਲੇ ਪ੍ਰਭਾਵਾਂ ਬਾਰੇ ਗਹਿਰਾਈ ਨਾਲ ਚਰਚਾ ਕੀਤੀ।

ਕਾਰਜਸ਼ਾਲਾ ਦੀ ਵਿਸ਼ੇਸ਼ਤਾ ਇੰਟਰਐਕਟਿਵ ਸੈਸ਼ਨ, ਲਾਈਵ ਕੇਸ ਸਟੱਡੀਜ਼ ਅਤੇ ਅਸਲੀ ਸਕੂਲੀ ਤਜਰਬਿਆਂ ਤੋਂ ਲਏ ਗਏ ਹਵਾਲਿਆ ਰਾਹੀਂ ਸਕੂਲ ਮੁਖੀਆਂ ਨੂੰ ਇਹ ਸਮਝਾਇਆ ਗਿਆ ਕਿ ਕਿਸ ਤਰ੍ਹਾਂ ਵਿਦਿਆਰਥੀਆਂ ਵਿਚ ਮਾਨਸਿਕ ਤਣਾਅ ਜਾਂ ਨਸ਼ੇ ਦੀ ਲਗਨ ਦੇ ਸ਼ੁਰੂਆਤੀ ਲੱਛਣਾਂ ਨੂੰ ਸਮੇਂ ਸਿਰ ਪਛਾਣਿਆ ਜਾ ਸਕਦਾ ਹੈ। ਜਾਣਕਾਰੀ ਸਾਂਝੀ ਕਰਦੇ ਹੋਏ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਜਸਵਿੰਦਰ ਪਾਲ ਸ਼ਰਮਾ ਨੇ ਦੱਸਿਆ ਕਿ ਜ਼ਿਲ੍ਹਾ ਨੋਡਲ ਅਫਸਰ ਯੁੱਧ ਨਸ਼ਿਆਂ ਵਿਰੁੱਧ ਡਾ.ਦੀਪਿਕਾ ਗਰਗ ਵੱਲੋਂ ਵੀ ਵਿਸ਼ੇਸ਼ ਭੂਮਿਕਾ ਨਿਭਾਈ ਗਈ ਅਤੇ ਆਪਣੇ ਤਜਰਬਿਆਂ ਰਾਹੀਂ ਸਕੂਲ ਪ੍ਰਬੰਧਨ ਲਈ ਵਰਤੋਂ ਯੋਗ ਸੁਝਾਅ ਸਾਂਝੇ ਕੀਤੇ ਗਏ।



# ਮਨਰੇਗਾ ਮਜ਼ਦੂਰਾਂ ਦੀ ਹਾਜ਼ਰੀ ਨਾ ਲੱਗਣ ਮਨਰੇਗਾ ਮਜ਼ਦੂਰ ਖੱਜਲ ਖ਼ੁਆਰੀ ਜਾਰੀ

## ਮਨਰੇਗਾ ਆਗੂਆਂ ਵੱਲੋਂ ਸਰਕਾਰ ਦੀ ਨਿੰਦਾ

**ਕਪੂਰਥਲਾ ( ਹਰਜਿੰਦਰ ਸਿੰਘ ਚੰਦੀ)-** ਪੰਜਾਬ ਭਰ ਵਿੱਚ ਮਨਰੇਗਾ ਵਰਕਰਾਂ ਦੀ ਦੂਸਰੇ ਦਿਨ ਵੀ ਹਾਜ਼ਰੀ ਨਾ ਲੱਗਣ ਕਾਰਨ ਹੋਈ ਖੱਜਲ ਖਰਾਬੀ ਦੀ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ ਅਤੇ ਜ਼ਿਲਾ ਦੇ ਆਗੂ ਨਿਰਮਲ ਸਿੰਘ ਸ਼ੇਰਪੁਰ ਸੱਧਾ ਨੇ ਪੰਜਾਬ ਸਰਕਾਰ ਦੀ ਨਿਖੇਦੀ ਕਰਦਿਆਂ ਕਿਹਾ ਕਿ 8 ਜਨਵਰੀ ਨੂੰ ਹਾਜ਼ਰੀ ਲਾਉਣ ਲਈ ਨਵਾਂ ਭੇਜਿਆ ਐਪ ਡਾਊਨਲੋਡ ਨਾ ਹੋਣ ਕਾਰਨ ਸਾਰੇ ਪੰਜਾਬ ਵਿੱਚ 37685 ਮਨਰੇਗਾ ਵਰਕਰਾਂ ਵੱਲੋਂ ਕੰਮ ਕੀਤੇ ਜਾਣ ਦੇ ਬਾਵਜੂਦ ਵਰਕਰਾਂ ਦੀ ਹਾਜ਼ਰੀ ਨਹੀਂ ਲੱਗੀ ਅੱਜ ਦੂਜੇ ਦਿਨ ਵੀ ਇਹੀ ਹਾਲ ਰਿਹਾ 2 ਵਜੇ ਤੱਕ ਗਵਰਨਮੈਂਟ ਆਫ ਇੰਡੀਆ ਮਨਿਸਟਰੀ ਆਫ ਰੂਲਰ ਡਵਲਪ ਮੈਂਟ ਦੀ ਵੈੱਬਸਾਈਟ ਤੋਂ ਲੈਏ ਆਂਕੜਿਆਂ ਮੁਤਾਬਕ ਹਜ਼ਾਰਾਂ ਮਜ਼ਦੂਰਾਂ ਵਿੱਚੋਂ ਸਿਰਫ



12260 ਮਨਰੇਗਾ ਵਰਕਰ ਦੀ ਹੀ ਹਾਜ਼ਰੀ ਲੱਗ ਸਕੀ। ਸੁਬਾਈ ਆਗੂਆਂ ਨੇ ਕਿਹਾ ਕਿ ਜਿਨਾਂ ਹਜ਼ਾਰਾਂ ਮਜ਼ਦੂਰਾਂ ਦੇ ਕੰਮ ਕਰਨ ਦੇ ਬਾਵਜੂਦ ਹਾਜ਼ਰੀ ਨਹੀਂ ਲੱਗੀ ਉਸ ਦੀ ਜਿੰਮੇਵਾਰੀ ਨਾ ਪੰਜਾਬ ਸਰਕਾਰ ਅਤੇ ਨਾ ਹੀ ਕੇਂਦਰ ਸਰਕਾਰ ਚੁੱਕਣ ਨੂੰ ਤਿਆਰ ਹੈ। ਗਰੀਬ ਮਰੇਗਾ ਵਰਕਰ ਪਰੇਸ਼ਾਨ ਹਨ ਕਿ ਲੱਗੀ ਦਿਹਾੜੀ ਦੇ ਪੈਸੇ ਕੌਣ ਦਊ।ਕੇਂਦਰ ਤੇ ਸੂਬਾ ਸਰਕਾਰ ਮਨਰੇਗਾ ਦਾ ਲਾਹਾ ਲੈਣ ਲਈ ਇੱਕ ਪਾਸੇ ਭਾਜਪਾ ਆਗੂ ਜੀ ਰਾਮ ਜੀ ਕਾਨੂੰਨ ਦਾ ਗੁਣਗਾਨ ਕਰ ਰਹੇ ਹਨ। ਦੂਜੇ ਪਾਸੇ ਆਮ ਆਦਮੀ ਪਾਰਟੀ ਆਮ ਇਜਲਾਸ ਸੱਦ ਕੇ ਜੀ ਰਾਮ ਜੀ ਕਾਨੂੰਨ ਨੂੰ ਰੱਦ ਕਰਨ ਦਾ ਮਤਾ ਪਾਸ ਕਰ ਰਹੀ ਹੈ। ਮਨਰੇਗਾ ਮਜ਼ਦੂਰ ਦੋਨਾਂ ਵਿੱਚ ਪਿਸ ਰਿਹਾ ਹੈ।ਉਨਾਂ ਨੇ ਇੱਕ ਮਤੇ ਰਾਹੀਂ ਅਜੱ ਜਗਰਾਵਾਂ ਦੇ ਪਿੰਡ ਪੋਨਾ ਵਿੱਚ ਜੀ ਰਾਮ ਜੀ ਕਾਨੂੰਨ ਦੀਆਂ ਖ਼ੂਬੀਆਂ ਦੱਸਣ ਪਹੁੰਚੇ ਭਾਜਪਾ ਦੇ ਬਲਰਾਮ ਜਾਖੜ ਦਾ ਪਿੰਡ ਵਿੱਚ ਵਿਰੋਧ ਕਰਦਿਆਂ ਪੇਂਡੂ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਅਵਤਾਰ ਸਿੰਘ ਰਸੂਲਪੁਰ ਅਤੇ ਜ਼ਿਲ੍ਹਾਂ ਆਗੂ ਸੁਖਦੇਵ ਸਿੰਘ ਮਾਣੋਕੇ, ਮਦਰ ਲਾਲ ਨੂੰ ਗ੍ਰਿਫਤਾਰ ਕਰਨ ਦੀ ਸਖ਼ਤ ਸ਼ਬਦਾਂ ਚ ਨਿਖੇਦੀ ਕਰਦਿਆਂ ਫੌਰੀ ਰਿਹਾ ਕਰਨ ਦੀ ਮੰਗ ਕੀਤੀ।

# ਕਾਂਗਰਸ ਨੇ ਕੀਤਾ "ਮਨਰੇਗਾ ਬਚਾਓ ਸੰਗਰਾਮ" ਦਾ ਬਲਾਚੌਰ ਵਿਖੇ ਆਗਾਜ਼

## ਲੋਕਾਂ ਦੇ ਠਾਠਾਂ ਮਾਰਦੇ ਇੱਕਠ ਨੇ ਦੱਸਿਆ ਕਿ ਆਉਣ ਵਾਲਾ ਸਮਾਂ ਕਾਂਗਰਸ ਦਾ

**ਬਲਾਚੌਰ (ਜਤਿੰਦਰ ਪਾਲ ਸਿੰਘ ਕਲੇਰ )** ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ, ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੀ ਅਗਵਾਈ ਹੇਠ ਸਮੁੱਚੀ ਪੰਜਾਬ ਕਾਂਗਰਸ ਲੀਡਰਸ਼ਿਪ ਵਲੋਂ ਅਜੇ ਮੰਗੂਪੁਰ ਜ਼ਿਲ੍ਹਾਂ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ ਦੀ ਰਹਿਨੁਮਾਈ ਹੇਠ ਬਲਾਚੌਰ ਵਿਖੇ "ਮਨਰੇਗਾ ਬਚਾਓ ਸੰਗਰਾਮ" ਦਾ ਆਗਾਜ਼ ਕਰਦਿਆਂ ਇੱਕ ਵਿਸ਼ਾਲ ਰੈਲੀ ਦਾ ਕੀਤਾ ਗਿਆ। ਜਿਸ ਦਾ ਮੁੱਖ ਉਦੇਸ਼ ਭਾਜਪਾ ਸਰਕਾਰ ਵਲੋਂ ਗਰੀਬ ਮਜ਼ਦੂਰਾਂ ਦੇ ਰੁਜ਼ਗਾਰ ਦੀ ਸਕੀਮ ਮਨਰੇਗਾ ਨੂੰ ਖਤਮ ਕੀਤੇ ਜਾਣ ਦੀ ਕੋਝੀ ਸਾਜਿਸ਼ ਬਾਰੇ ਲੋਕਾਂ ਨੂੰ ਜਾਣੂ ਕਰਵਾਉਣਾ ਸੀ।ਇਸ ਮੌਕੇ ਪੰਜਾਬ ਕਾਂਗਰਸ ਦੇ ਇੰਚਾਰਜ ਭੁਪੇਸ਼ ਬਘੇਲ ਨੇ ਕਿਹਾ ਕਿ ਕੇਂਦਰ ਸਰਕਾਰ ਨੇ ਮਨਰੇਗਾ ਸਕੀਮ ਦਾ ਨਾਮ ਬਦਲ ਕੇ ਰਾਸ਼ਟਰ ਪਿਤਾ ਮਹਾਤਮਾ ਗਾਂਧੀ ਜੀ ਦਾ ਅਪਮਾਨ ਕੀਤਾ ਹੈ। ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਨੇ ਅਜੇ ਮੰਗੂਪੁਰ ਦੀ ਵਿਸ਼ਾਲ ਰੈਲੀ ਵਲੋਂ ਕੀਤੀ ਗਈ ਕਾਂਗਰਸੀ ਵਰਕਰਾਂ ਦੀ ਰੈਲੀ ਨੂੰ ਰੈਲਾ ਦੱਸਦਿਆਂ ਉਨ੍ਹਾਂ ਦੀ ਜ਼ੋਰਦਾਰ ਸ਼ਲਾਘਾ ਕੀਤੀ ਅਤੇ "ਮਨਰੇਗਾ ਬਚਾਓ ਸੰਗਰਾਮ" ਜਾਣਕਾਰੀ ਦਿੰਦਿਆ ਮਨਰੇਗਾ ਕਾਮਿਆਂ ਅੰਦਰ ਉਨ੍ਹਾਂ ਦੇ ਹੱਕਾਂ ਦੀ ਲੜਾਈ ਲੜਨ ਬਾਰੇ ਜੋਸ਼ ਭਰਿਆ ਅਤੇ ਕਿਹਾ ਕਿ ਕਾਂਗਰਸ ਪਾਰਟੀ ਹਮੇਸ਼ਾ ਲੋਕਾਂ ਲਈ ਅਗਾਂਹ ਹੋਕੇ ਖੜ੍ਹੀ ਹੈ। ਇਸ ਉਪਰੰਤ ਵੱਖ-ਵੱਖ ਕਾਂਗਰਸੀ ਲੀਡਰਾਂ ਵਲੋਂ ਭਾਜਪਾ ਦੀਆਂ ਮਾਰੂ ਨੀਤੀਆਂ ਬਾਰੇ ਵਿਸਤਾਰ ਪੂਰਵਕ ਲੋਕਾਂ ਨੂੰ ਦੱਸਿਆ ਗਿਆ। ਅਜੇ ਮੰਗੂਪੁਰ ਨੇ ਲੋਕਾਂ ਨੂੰ ਵਿਸ਼ਵਾਸ ਦਵਾਇਆ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਕਿਸੇ ਨੂੰ ਕੋਈ ਵੀ ਮੁਸੀਬਤ ਹੋਵੇ ਉਹ ਹਮੇਸ਼ਾ ਉਨ੍ਹਾਂ ਦੇ ਮੋਡੇ ਨਾਲ ਮੋਡਾ





ਜੋੜ ਕੇ ਸਾਥ ਦੇਣ ਲਈ ਤਿਆਰ ਬਰ ਤਿਆਰ ਰਹਿਣਗੇ। ਇਸ ਉਪਰੰਤ ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਉਦੋਂ ਤੱਕ ਇਸ ਸੰਘਰਸ਼ ਨੂੰ ਇਵੇਂ ਹੀ ਜਾਰੀ ਰੱਖੇਗੀ ਜਦੋਂ ਤੱਕ ਸਾਡੇ ਮਜਦੂਰਾਂ ਨੂੰ ਉਨ੍ਹਾਂ ਦੇ ਬਣਦੇ ਹੱਕ ਨਹੀ ਮਿਲ ਜਾਂਦੇ। ਰੈਲੀ ਦੌਰਾਨ ਬੈਠੇ ਲੋਕਾਂ ਨੇ ਵੀ ਕਾਂਗਰਸ ਪਾਰਟੀ ਦੇ ਲੀਡਰਾਂ ਨੂੰ ਵਿਸ਼ਵਾਸ ਜਿਤਾਉਂਦਿਆਂ ਹੱਥ ਖੜ੍ਹੇ ਕਰ ਆਪਣਾ ਸਮਰਥਨ ਦਿੱਤਾ ਅਤੇ ਦਰਸਾਇਆ ਕਿ 2027 ਵਿੱਚ ਉਨ੍ਹਾਂ ਕਾਂਗਰਸ ਪਾਰਟੀ ਨੂੰ ਜਿਤਾਉਣ ਦਾ ਮਨ ਬਣਾ ਲਿਆ ਹੈ ਇਸ ਮੌਕੇ ਵੱਖ ਵੱਖ ਕਾਂਗਰਸੀ ਬੁਲਾਰਿਆਂ ਜਿਨ੍ਹਾਂ ਵਿਚ ਇੰਚਾਰਜ ਭੁਪੇਸ਼ ਬਘੇਲ, ਅਮਰਿੰਦਰ ਸਿੰਘ ਰਾਜਾ ਵੜਿੰਗ ਪ੍ਰਧਾਨ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਪ੍ਰਤਾਪ ਸਿੰਘ ਬਾਜਵਾ ਨੇਤਾ ਵਿਰੋਧੀ ਧਿਰ, ਰਵਿੰਦਰ ਉੱਤਮ ਰਾਓ ਡਾਲਵੀ ਸਹਿ ਇੰਚਾਰਜ, ਸੂਰਜ ਠਾਕੁਰ ਸਹਿ ਇੰਚਾਰਜ ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ, ਰਾਣਾ ਕੰਵਰ ਪਾਲ ਸਾਬਕਾ ਸਪੀਕਰ, ਸੁਖਜਿੰਦਰ ਸਿੰਘ ਰੰਧਾਵਾ ਮੈਂਬਰ ਪਾਰਲੀਮੈਂਟ, ਵਿਜੇ ਇੰਦਰ ਸਿੰਗਲਾ ਸਾਬਕਾ ਮੰਤਰੀ, ਸਾਧੂ ਸਿੰਘ ਧਰਮਸੋਤ ਸਾਬਕਾ ਮੰਤਰੀ, ਗੁਰਜੀਤ ਸਿੰਘ ਔਜਲਾ ਮੈਂਬਰ ਪਾਰਲੀਮੈਂਟ, ਪਰਗਟ ਸਿੰਘ ਵਿਧਾਇਕ ਜਲੰਧਰ ਦਿਹਾਤੀ, ਚੌਧਰੀ ਦਰਸ਼ਨ ਲਾਲ ਮੰਗੂਪੁਰ ਸਾਬਕਾ ਵਿਧਾਇਕ ਬਲਾਚੌਰ, ਅੰਗਦ ਸਿੰਘ ਸੈਣੀ ਸਾਬਕਾ ਵਿਧਾਇਕ ਨਵਾਂਸ਼ਹਿਰ, ਅਜੇ ਮੰਗੂਪੁਰ ਜ਼ਿਲ੍ਹਾਂ ਪ੍ਰਧਾਨ ਸ਼ਹੀਦ ਭਗਤ ਸਿੰਘ ਨਗਰ, ਅਸ਼ਵਨੀ ਕੁਮਾਰ ਸ਼ਰਮਾ ਜ਼ਿਲ੍ਹਾ ਪ੍ਰਧਾਨ ਰੋਪੜ੍ਹ , ਬਰਿੰਦਰ ਸਿੰਘ ਢਿੱਲੋਂ ਸਾਬਕਾ ਯੂਥ ਪਧਾਨ, ਈਸ਼ਰਪ੍ਰੀਤ ਸਿੰਘ ਪ੍ਰਧਾਨ ਐਨ.ਐੱਸ.ਯੂ.ਆਈ, ਸਤਵੀਰ ਸਿੰਘ ਪੱਲੀ ਝਿੱਕੀ ਸਾਬਕਾ ਜ਼ਿਲ੍ਹਾ ਪ੍ਰਧਾਨ, ਬਲਵਿੰਦਰ ਸਿੰਘ ਧਾਲੀਵਾਲ ਜ਼ਿਲ੍ਹਾ ਪ੍ਰਧਾਨ, ਹਰਦੇਵ ਸਿੰਘ ਲਾਡੀ ਜ਼ਿਲ੍ਹਾ ਪ੍ਰਧਾਨ, ਦਲਜੀਤ ਸਿੰਘ ਗਿਲਜ਼ੀਆਂ ਜ਼ਿਲ੍ਹਾ ਪ੍ਰਧਾਨ ਹੁਸ਼ਿਆਰਪੁਰ, ਵਿਕਰਮਜੀਤ ਚੌਧਰੀ ਵਿਧਾਇਕ ਫਿਲੌਰ, ਗੁਰਤੇਜ਼ ਸਿੰਘ ਪੰਨੂੰ ਸੋਸ਼ਲ ਮੀਡੀਆ ਚੇਅਰਮੈਨ ਪੰਜਾਬ, ਮੀਨਾ ਸਿੰਘ ਪਤਨੀ ਸਵ: ਚੌਧਰੀ ਤਰਲੋਚਨ ਸਿੰਘ ਸੂੰਢ ਬੰਗਾ,ਲਵ ਕੁਮਾਰ ਗੋਲਡੀ ਸਾਬਕਾ ਵਿਧਾਇਕ ਗੜ੍ਹਸ਼ੰਕਰ, ਅਮਨਪ੍ਰੀਤ ਲਾਲੀ ਇੰਚਾਰਜ ਗੜਸ਼ੰਕਰ, ਰਣਜੀਤ ਸਿੰਘ ਜੀਤੀ ਸਾਬਕਾ ਜ਼ਿਲ੍ਹਾ ਪ੍ਰਧਾਨ, ਆਦਿ ਸ਼ਾਮਲ ਸਨ ।ਜਿਨ੍ਹਾਂ ਨੇ ਲੋਕਾਂ ਨੂੰ ਕੇਂਦਰ ਦੀਆਂ ਗਰੀਬ ਮਾਰੂ ਨੀਤੀਆਂ ਦੀ ਨਿਖੇਦੀ ਕਰਦਿਆਂ ਸਨ 2027 ਵਿਚ ਕਾਂਗਰਸ ਦੀ ਸਰਕਾਰ ਬਣਾਉਣ ਲਈ ਲੋਕਾਂ ਨੂੰ ਜ਼ੋਰਦਾਰ ਅਪੀਲ ਕੀਤੀ ।

# ਨਸ਼ੀਲੀ ਗੋਲੀਆਂ ਸਮੇਤ 1ਕਾਬੂ

**ਨਵਾਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )-** ਥਾਣਾ ਕਾਠਗੜ੍ਹ ਪੁਲਿਸ ਨੇ ਇਕ ਵਿਆਕਤੀ ਨੂੰ ਕਾਬੂ ਕਰਕੇ ਉਸਦੇ ਕੋਲੋਂ ਨਸ਼ੀਲੀ ਗੋਲੀਆਂ ਬ੍ਰਾਮਦ ਕੀਤੀਆਂ । ਪੁਲਿਸ ਨੇ ਕਥਿਤ ਆਰੋਪੀ ਦੇ ਖਿਲਾਫ਼ ਐਨਡੀਪੀਐਸ ਐਕਟ ਦੇ ਅਧੀਨ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ । ਮਾਮਲੇ ਦੇ ਜਾਂਚ ਅਧਿਕਾਰੀ ਏਐਸਆਈ ਰਾਮ ਸ਼ਾਹ ਨੇ ਦੱਸਿਆਂ ਕਿ ਉਨ੍ਹਾਂ ਦੀ ਅਗਵਾਈ ਵਿਚ ਪੁਲਿਸ ਪਾਰਟੀ ਕਿਸ਼ਨਪੁਰ ਦੇ ਵਲੋਂ ਗਸ਼ਤ ਤੇ ਜਾ ਰਹੀ ਸੀ ਕਿ ਇਸੇ ਦੌਰਾਨ ਕਿਸ਼ਨਪੁਰ ਖੱਡ ਦੇ ਵਲੋਂ 1 ਨੌਜਵਾਨ ਆਉਂਦਾ ਦਿਖਾਈ ਦਿੱਤਾ ਜੋ ਪੁਲਿਸ ਪਾਰਟੀ ਨੂੰ ਦੇਖਕੇ ਘਬਰਾ ਗਿਆ ਇਕ



ਦਮ ਪਿੱਛੇ ਨੂੰ ਮੁੜਨ ਲੱਗਿਆ ਤਾਂ ਪੁਲਿਸ ਨੇ ਤਰੁੰਤ ਸ਼ੱਕ ਦੇ ਆਧਾਰ ਤੇ ਉਕਤ ਵਿਆਕਤੀ ਨੂੰ ਕਾਬੂ ਕਰਕੇ ਜਦੋਂ ਉਸਦੀ ਤਲਾਸ਼ੀ ਲਈ ਤਾਂ ਉਸਦੇ ਕੋਲੋਂ 21 ਨਸ਼ੀਲੀ ਗੋਲੀਆਂ ਬਰਾਮਦ ਹੋਈਆਂ । ਉਨ੍ਹਾਂ ਦੱਸਿਆਂ ਕਿ ਕਾਬੂ ਕੀਤੇ ਕਥਿਤ ਆਰੋਪੀ ਦੀ ਪਹਿਚਾਣ ਅਮਨ ਕੁਮਾਰ ਪੁੱਤਰ ਗੁਰਦੇਵ ਚੰਦ ਵਾਸੀ ਕਰਾਵਰ ਥਾਣਾ ਬਲਾਚੌਰ ਦੇ ਰੂਪ ਵਿੱਚ ਹੋਈ ਹੈ।



# ਮੰਗਾਂ ਨੂੰ ਲੈ ਕੇ ਜਾਮਨਗਰ ਅਤੇ ਦਿੱਲੀ ਕਟੜਾ ਐਕਸਪ੍ਰੈਸ ਵੇਅ ਤੇ ਚੱਲ ਰਿਹਾ ਅਣਮਿੱਥੇ ਸਮੇਂ ਦਾ ਧਰਨਾ ਚੌਥੇ ਦਿਨ ਵੀ ਜਾਰੀ

**● ਸੰਯੁਕਤ ਕਿਸਾਨ ਮੋਰਚੇ,ਗੋਰਮਿੰਟ ਟੀਚਰ ਯੂਨੀਅਨ ਅਤੇ ਸਾਹਿਤ ਸਭਾ ਵੱਲੋਂ ਸਮਰਥਨ ● ਦੇਰ ਸ਼ਾਮ ਡਿਪਟੀ ਕਮਿਸ਼ਨਰ ਵੱਲੋਂ ਸਾਰੀਆਂ ਧਿਰਾਂ ਨਾਲ ਵੀਡੀਓ ਕਾਨਫਰੰਸਿੰਗ ਰਾਹੀਂ ਮੀਟਿੰਗ**

**ਕਪੂਰਥਲਾ (ਕੌੜਾ)-** ਰੋਡ ਸੰਘਰਸ਼ ਕਮੇਟੀ ਵੱਲੋਂ ਦਿੱਲੀ ਕਟੜਾ ਅਤੇ ਜਾਮਨਗਰ ਬਠਿੰਡਾ ਐਕਸਪ੍ਰੈਸ ਵੇਅ ਤੇ ਪਿੰਡ ਟਿੱਬਾ ਵਿਖੇ ਦਿੱਤਾ ਜਾ ਰਿਹਾ ਅਣਮਿੱਥੇ ਸਮੇਂ ਦਾ ਧਰਨਾ ਅੱਜ ਚੌਥੇ ਦਿਨ ਵੀ ਜਾਰੀ ਰਿਹਾ।ਇਸ ਮੌਕੇ ਵੱਖ ਵੱਖ ਪਿੰਡਾਂ ਤੋਂ ਪਹੁੰਚੇ ਕਿਸਾਨਾਂ ਨੇ ਪ੍ਰਸ਼ਾਸਨ ਅਤੇ ਨੈਸ਼ਨਲ ਹਾਈਵੇ ਅਥਾਰਟੀ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਕਿਹਾ ਕਿ ਬਾਕੀ ਸੂਬਿਆਂ ਦੇ ਮੁਕਾ-ਬਲੇ ਪੰਜਾਬ ਦੇ ਕਿਸਾਨਾਂ ਨੂੰ ਐਕਵਾਇਰ ਕੀਤੀਆਂ ਜ਼ਮੀਨਾਂ ਦਾ ਮੁਆਵਜ਼ਾ ਬਹੁਤ ਘੱਟ ਦਿੱਤਾ ਗਿਆ ਹੈ।ਜਦ ਹਰਿਆਣੇ ਵਿੱਚ 1 ਕਰੋੜ ਤੋਂ ਵੱਧ ਮੁਆਵਜ਼ਾ ਦਿੱਤਾ ਗਿਆ ਹੈ। ਧਰਨੇ ਨੂੰ ਸੰਬੋਧਨ ਕਰਦਿਆਂ ਜ਼ਿਲ੍ਹਾ ਪ੍ਰਧਾਨ ਪ੍ਰਭਦਿਆਲ ਸਿੰਘ ਜੋਸ਼ਨ,ਮੀਤ ਪ੍ਰਧਾਨ ਬਖਸ਼ੀਸ਼ ਸਿੰਘ ਤਲਵੰਡੀ ਚੌਧਰੀਆਂ, ਤਰਸੇਮ ਸਿੰਘ ਰਣਧੀਰ ਪੁਰ, ਹਰਿੰਦਰ ਸਿੰਘ, ਜਸਵਿੰਦਰ ਸਿੰਘ ਬਈ, ਇੰਦਰਜੀਤ ਸਿੰਘ ਲਿਫਟਰ ਨੇ ਕਿਹਾ ਕਿ ਸਰਕਾਰਾਂ ਦੀ ਮਿਲੀਭੁਗਤ ਨਾਲ ਪਹਿਲਾਂ ਜ਼ਮੀਨਾਂ ਦੇ ਕੁਲੈਕਟਰ ਰੇਟ ਘਟਾਏ ਗਏ ਅਤੇ ਫਿਰ ਬਹੁਤ ਘੱਟ ਮੁਆਵਜ਼ਾ ਦਿੱਤਾ ਗਿਆ। ਜਿਸ ਨਾਲ ਕਿਸਾਨਾਂ ਦਾ ਭਾਰੀ ਨੁਕਸਾਨ ਹੋਇਆ।

ਉਹਨਾਂ ਨੇ ਕਿਹਾ ਕਿ ਦਿੱਲੀ ਕਟੜਾ ਅਤੇ ਜਾਮਨਗਰ ਬਠਿੰਡਾ ਐਕਸਪ੍ਰੈਸ ਵੇਅ ਲਈ ਜਮੀਨਾਂ ਐਕਵਾਇਰ ਕਰਨ ਸਮੇਂ ਕਿਸਾਨਾਂ ਨੂੰ ਭਰੋਸੇ ਵਿੱਚ ਨਹੀਂ ਲਿਆ ਗਿਆ।ਇਸ ਦੌਰਾਨ ਕਮੇਟੀ ਨੇ ਫੈਸਲਾ ਲਿਆ ਕਿ ਆਰਬੀਟਰੇਸ਼ਨ ਟ੍ਰਿਬਿਊਨਲ ਦੇ ਫੈਸਲੇ ਵਿਰੁੱਧ ਨੈਸ਼ਨਲ ਹਾਈਵੇ



ਪਿੰਡ ਟਿੱਬਾ ਵਿਖੇ ਐਕਸਪ੍ਰੈਸ ਵੇਅ ਦੇ ਨਿਰਮਾਣ ਕਾਰਜ ਠੱਪ ਕਰਕੇ ਧਰਨੇ ਤੇ ਬੈਠੇ ਰੋਡ ਸੰਘਰਸ਼ ਕਮੇਟੀ ਦੇ ਆਗੂ।

ਅਥਾਰਟੀ ਵੱਲੋਂ ਸੈਕਸ਼ਨ 34 ਤਹਿਤ ਨੈਸ਼ਨਲ ਕੀਤੇ ਗਏ ਚੈਲੰਜ ਨੂੰ ਵਾਪਸ ਨਾ ਲਿਆ, ਸਰਵਿਸ ਰੋਡ, ਰਹਿੰਦੇ ਐਵਾਰਡ ਜਲਦ ਨਾ ਕੀਤੇ ਗਏ, ਉਦੋਂ ਤੱਕ ਅਣਮਿੱਥੇ ਸਮੇਂ ਦਾ ਧਰਨਾ ਲਗਾਤਾਰ ਜਾਰੀ ਰਹੇਗਾ।ਇਸੇ ਦੌਰਾਨ ਦੇਰ ਸ਼ਾਮ ਡਿਪਟੀ ਕਮਿਸ਼ਨਰ ਕਪੂਰਥਲਾ ਅਮਿਤ ਕੁਮਾਰ ਪੰਚਾਲ ਵੱਲੋਂ ਵੀਡੀਓ ਕਾਨਫਰੰਸਿੰਗ ਰਾਹੀਂ ਪ੍ਰੋਜੈਕਟ ਡਾਇਰੈਕਟਰ,ਡੀ ਆਰ ਓ ਅਤੇ ਰੋਡ ਸੰਘਰਸ਼ ਕਮੇਟੀ ਦੇ ਆਗੂਆਂ ਨਾਲ ਮੀਟਿੰਗ ਕਰਦਿਆਂ ਸਾਰੀਆਂ ਧਿਰਾਂ ਦੇ ਪੱਖਾਂ ਨੂੰ ਪ੍ਰਮੁੱਖਤਾ ਨਾਲ ਸੁਣਿਆ।ਇਸ ਮੌਕੇ ਸਹਿਮਤੀ ਬਣੀ ਕਿ ਕੱਲ੍ਹ 10 ਜਨਵਰੀ ਨੂੰ ਰੋਡ ਸੰਘਰਸ਼ ਕਮੇਟੀ ਦੇ ਆਗੂਆਂ ਦੀ ਡੀ ਆਰ ਓ ਅਤੇ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਨਾਲ ਸੁਲਤਾਨ-ਪੁਰ ਲੋਧੀ ਵਿਖੇ ਮੀਟਿੰਗ ਹੋਵੇਗੀ। ਇਸ ਮੌਕੇ ਧਰਨੇ ਤੇ ਡਟੇ ਪ੍ਰਭਾਵਿਤ ਕਿਸਾਨਾਂ ਨੂੰ ਸਯੁੰਕਤ ਕਿਸਾਨ ਮੋਰਚੇ ਦੇ ਆਗੂ ਅਮਰਜੀਤ ਸਿੰਘ ਟਿੱਬਾ, ਗੋਰਮਿੰਟ ਟੀਚਰਜ਼ ਯੂਨੀਅਨ ਦੇ ਸੂਬਾਈ ਆਗੂ ਰਸ਼ਪਾਲ ਸਿੰਘ ਵੜੈਚ, ਗੋਰਮਿੰਟ ਟੀਚਰ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਬੱਧਨ, ਸੁਖਦੇਵ ਸਿੰਘ ਬੂਲਪੁਰ, ਸਾਹਿਤ ਸਭਾ ਤੋਂ ਡਾਕਟਰ ਸਵਰਨ ਸਿੰਘ, ਨਰਿੰਦਰ ਸਿੰਘ ਸੋਨੀਆ, ਮੁਖਤਾਰ ਸਿੰਘ ਚੰਦੀ, ਪੰਜਾਬ ਕਿਸਾਨ ਯੂਨੀਅਨ ਬਾਗੀ ਦੇ ਸੂਬਾਈ ਆਗੂ ਜਥੇਦਾਰ ਪਰਮਜੀਤ ਸਿੰਘ ਖਾਲਸਾ, ਆੜਤੀਆ ਐਸੋਸੀਏਸ਼ਨ ਦੇ ਆਗੂ ਸੁਖਪਾਲਬੀਰ ਸਿੰਘ ਝੰਡੂਵਾਲਾ, ਮਾਸਟਰ ਕੇਡਰ ਯੂਨੀਅਨ ਦੇ ਆਗੂ ਨਰੇਸ਼ ਕੋਹਲੀ ਆਦਿ ਵੱਲੋਂ ਸਮਰਥਨ ਦੇਣ ਦਾ ਐਲਾਨ ਕੀਤਾ ਅਤੇ ਮੰਗ ਕੀਤੀ ਕਿ ਪੀੜਤ ਕਿਸਾਨਾਂ ਦੀਆਂ ਮੰਗਾਂ ਨੂੰ ਤਰੁੰਤ ਮੰਨਿਆ ਜਾਵੇ।ਉੱਧਰ ਅੱਜ ਚੌਥੇ ਦਿਨ ਵੀ ਐਕਸਪ੍ਰੈਸ ਵੇਅ ਤੇ ਨਿਰਮਾਣ ਕਾਰਜ ਪੂਰੀ ਤਰ੍ਹਾਂ ਠੱਪ ਰਹੇ।

# ਖਾਦ ਵਿਕਰੇਤਾਵਾਂ (ਹੋਲਸੇਲਰਾਂ) ਨਾਲ ਖਾਦਾਂ ਦੀ ਟੈਗਿੰਗ, ਸਟਾਕਿੰਗ ਅਤੇ ਪੌਸ ਮਸ਼ੀਨਾਂ ਸਬੰਧੀ ਕੀਤੀ ਮੀਟਿੰਗ

**● ਖਾਦਾਂ ਦੀ ਕਾਲਾਬਜਾਰੀ ਨਾ ਕਰਨ ਅਤੇ ਨਿਰਧਾਰਤ ਰੇਟ ਉਤੇ ਹੀ ਖਾਦਾਂ ਦੀ ਵਿਕਰੀ ਕਰਨ ਸਬੰਧੀ ਕੀਤੀ ਹਦਾਇਤ**

**● ਲੋੜੀਂਦੀ ਸਮੱਗਰੀ ਹੀ ਕਿਸਾਨਾਂ ਨੂੰ ਦਿੱਤੀ ਜਾਵੇ, ਬੇਲੋੜੀਂਆਂ ਵਸਤਾਂ ਨਾ ਦਿੱਤੀਆਂ ਜਾਣ: ਮੁੱਖ ਖੇਤੀਬਾੜੀ ਅਫਸਰ**



**ਨਵਾਂਸ਼ਹਿਰ (ਜਤਿੰਦਰ ਪਾਲ ਸਿੰਘ ਕਲੇਰ )** ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ ਵੱਲੋ ਜਾਰੀ ਨਿਰਦੇਸ਼ਾ ਤਹਿਤ ਮੁੱਖ ਖੇਤੀਬਾੜੀ ਅਫਸਰ ਡਾ ਰਾਜੇਸ਼ ਕੁਮਾਰ ਸ਼ਰਮਾਂ ਨੇ ਖਾਦਾਂ ਦੀ ਟੈਗਿੰਗ, ਸਟਾਕਿੰਗ ਅਤੇ ਪੌਸ ਮਸ਼ੀਨਾਂ ਦੇ ਸੰਬੰਧ ਵਿਚ ਖਾਦ ਵਿਕਰੇਤਾਵਾਂ (ਹੋਲਸੇਲਰਾਂ) ਨਾਲ ਮੀਟਿੰਗ ਕੀਤੀ। ਮੁੱਖ ਖੇਤੀਬਾੜੀ ਅਫਸਰ ਨੇ ਦੱਸਿਆ ਕਿ ਪੰਜਾਬ ਸਰਕਾਰ ਦੀਆ ਹਦਾਇਤਾਂ ਦੀ ਪਾਲਣਾ ਕਰਦਿਆਂ ਨਿਰੰਤਰ ਖਾਦ ਦੇ ਭੰਡਾਰਣ ਸਬੰਧੀ ਸਮੀਖਿਆ ਕੀਤੀ ਜਾ ਰਹੀ ਹੈ।ਉਨ੍ਹਾਂ ਮੀਟਿੰਗ ਦੋਰਾਨ ਹਦਾਇਤ ਕੀਤੀ ਕਿ ਕਿਸੇ ਵੀ ਤਰ੍ਹਾਂ ਨਾਲ ਖਾਦਾਂ ਦੀ ਲਾਬਜਾਰੀ ਨਾ ਕੀਤੀ ਜਾਵੇ ਅਤੇ ਨਿਰਧਾਰਤ ਰੇਟ ਤੋਂ ਵੱਧ ਰੇਟਾਂ ਦੀ ਮੰਗ ਨਾ ਕੀਤੀ ਜਾਵੇ। ਬੈਠਕ ਦੌਰਾਨ ਮੁੱਖ ਖੇਤੀਬਾੜੀ ਅਫਸਰ ਨੇ ਹਦਾਇਤ ਕਰਦਿਆਂ ਕਿਹਾ ਕਿ ਯੂਰੀਆ ਖਾਦ ਨਾਲ ਕਿਸੇ ਵੀ ਤਰ੍ਹਾ ਦੀ ਟੈਗਿੰਗ ਨਾ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਖਾਦਾਂ ਦੀ ਵੰਡ ਇਸ ਤਰ੍ਹਾਂ ਯਕੀਨੀ ਬਣਾਈ ਜਾਵੇ ਕਿ ਹਰੇਕ ਛੋਟੇ ਵੱਡੇ ਕਿਸਾਨ ਨੂੰ ਲੋੜ ਅਨੁਸਾਰ ਖਾਦ ਮੁਹੱਈਆ ਹੋ ਸਕੇ।ਉਨ੍ਹਾਂ ਡੀਲਰਾਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਪ੍ਰਤੀ ਕਿਸਾਨ ਨੂੰ 10 ਤੋਂ ਵੱਧ ਬੈਗ ਖਾਦ ਦੇ ਨਾ ਦਿੱਤੇ ਜਾਣ ਤਾਂ ਜ਼ੋ ਹੋਰਨਾਂ ਕਿਸਾਨਾਂ ਨੂੰ ਖਾਦ ਦੀ ਕਿਲਤ ਦੀ ਸਮੱਸਿਆ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਲੋੜੀਂਦੀਆਂ ਖਾਦਾਂ ਦੀ ਵਿਕਰੀ ਹੀ ਕੀਤੀ ਜਾਵੇ, ਬੇਲੋੜੀਆਂ ਵਸਤਾਂ ਨਾ ਦਿੱਤੀਆਂ ਜਾਣ। ਉਨ੍ਹਾਂ ਕਿਹਾ ਕਿ ਖਾਦ ਵਿਕਰੇਤਾ ਸਟਾਕ ਰਜਿਸਟਰ, ਲਾਇਸੰਸ, ਰਿਕਾਰਡ ਅਤੇ ਹੋਰ ਜਰੂਰੀ ਦਸਤਾਵੇਜ਼ ਮੁਕੰਮਲ ਰੱਖਣਾ ਲਾਜਮੀ ਬਣਾਉਣ।ਇਸ ਮੌਕੇ ਉਹਨਾਂ ਨਾਲ ਡਾ ਵਿਜੈ ਮਹੇਸ਼ੀ ਖੇਤੀਬਾੜੀ ਵਿਕਾਸ ਅਫਸਰ (ਇਨਫੋਰਸਮੈਂਟ) ਸ਼ਹੀਦ ਭਗਤ ਸਿੰਘ ਨਗਰ, ਹਾਜਰ ਸਨ।

# ਸਵੇਰ ਸਮੇਂ ਅਖਬਾਰਾਂ ਵੰਡਣ ਜਾ ਰਹੇ ਅਖਬਾਰ ਵਿਕ੍ਰੇਤਾ 'ਤੇ ਤੇਂਦੂਏ ਦੇ ਬੱਚਿਆਂ ਨੇ ਹਮਲੇ ਦੀ ਕੀਤੀ ਕੋਸ਼ਿਸ਼

**● ਮੋਟਰਸਾਈਕਲ ਭਜਾ ਕੇ ਬਚਾਈ ਜਾਨ ● ਨੇੜਲੇ ਪਿੰਡਾਂ ਦੇ ਲੋਕਾਂ 'ਚ ਬਣਿਆ ਡਰ ਦਾ ਮਾਹੌਲ**





**ਨਵਾਂਸ਼ਹਿਰ /ਕਾਠਗੜ੍ਹ ( ਜਤਿੰਦਰ ਪਾਲ ਸਿੰਘ ਕਲੇਰ )** ਅੱਜ ਸਵੇਰੇ 6:30 ਵਜੇ ਦੇ ਕਰੀਬ ਕਾਠਗੜ੍ਹ ਤੋਂ ਅਖਬਾਰ ਵਿਕ੍ਰੇਤਾ ਅਤੇ ਪੱਤਰਕਾਰ ਰਾਜੇਸ਼ ਕੁਮਾਰ ਸ਼ਰਮਾ 'ਤੇ ਛੁਪ ਕੇ ਬੈਠੇ ਤੇਂਦੂਏ ਦੇ ਦੋ ਬੱਚਿਆਂ ਨੇ ਉਦੋਂ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਜਦੋਂ ਉਹ ਪਿੰਡਾਂ ਵਿਚ ਅਖਬਾਰਾਂ ਵੰਡਣ ਜਾ ਰਿਹਾ ਸੀ ਪਰੰਤੂ ਉਸ ਨੇ ਮੋਟਰਸਾਈਕਲ ਨੂੰ ਭਜਾ ਕੇ ਮਸਾਂ ਆਪਣੀ ਜਾਨ ਬਚਾਈ।

ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਕਾਠਗੜ੍ਹ ਤੋਂ ਅਖਬਾਰ ਵਿਕ੍ਰੇਤਾ ਅਤੇ ਪੱਤਰਕਾਰ ਰਾਜੇਸ਼ ਕੁਮਾਰ ਸ਼ਰਮਾ ਨੇ ਦੱਸਿਆ ਕਿ ਉਹ ਸਵੇਰੇ ਮੋਟਰਸਾਈਕਲ 'ਤੇ ਅਖਬਾਰਾਂ ਵੰਡਣ ਲਈ ਗਿਆ ਅਤੇ ਪਿੰਡ ਜੱਬਾ, ਮੁੱਤੋਂ, ਮਾਣੇਵਾਲ ਪਿੰਡਾਂ ਵਿਚ ਅਖਬਾਰਾਂ ਵੰਡਣ ਤੋਂ ਬਾਅਦ 6:30 ਵਜੇ ਦੇ ਕਰੀਬ ਹਰ ਰੋਜ਼ ਦੀ ਤਰ੍ਹਾਂ ਬਿਸਤ ਦੁਆਬ ਨਹਿਰ ਦੇ ਨਾਲ ਨਾਲ ਕੱਚੇ ਰਸਤੇ ਮੰਡੇਰ ਪਿੰਡ ਨੂੰ ਆ ਰਿਹਾ ਸੀ ਤਾਂ ਰਸਤੇ ਦੇ ਅੱਧ ਵਿਚਕਾਰ ਮੋਟਰਸਾਈਕਲ ਦੀ ਲਾਈਟ ਪੈਣ ਨਾਲ ਉਸ ਨੂੰ ਜਾਨਵਰਾਂ ਦੀਆਂ ਮੋਟੀਆਂ ਮੋਟੀਆਂ ਅੱਖਾਂ ਚਮਕਦੀਆਂ ਦਿਖਾਈ ਦਿੱਤੀਆਂ ਪਰ ਉਸਨੇ ਸੋਚਿਆ ਕਿ ਸ਼ਾਇਦ ਕੁੱਤੇ ਹੋਣਗੇ ਪਰੰਤੂ ਜਦੋਂ ਕੋਲੋਂ ਲੰਘਣ ਲੱਗਾ ਤਾਂ ਤੇਂਦੂਏ ਦੇ ਬੱਚਿਆਂ ਦਹਾੜਿਆ ਤੇ ਬੜੀ ਤੇਜ਼ੀ ਨਾਲ ਦੌੜਦੇ ਹੋਏ ਪੈਰ ਦੇ ਪੰਜੇ ਨਾਲ ਹਮਲਾ ਕਰਨ ਦੀ ਕੋਸ਼ਿਸ਼ ਕੀਤੀ ਪਰੰਤੂ ਰਾਜੇਸ਼ ਕੁਮਾਰ ਸ਼ਰਮਾ ਨੇ ਦੇਖਦੇ ਸਾਰ ਹੀ ਇੰਨੀ ਤੇਜ਼ੀ ਨਾਲ ਮੋਟਰਸਾਈਕਲ ਭਜਾਇਆ ਕਿ ਨਾਲ ਲੱਗਦੀ ਨਹਿਰ ਵਿੱਚ ਡਿੱਗਣ ਤੋਂ ਮਸਾਂ ਹੀ ਬਚਾਅ ਹੋਇਆ ਅਤੇ ਕੁਝ ਦੂਰ ਜਾਣ ਤੋਂ ਬਾਅਦ ਤੇਂਦੂਏ ਦੇ ਬੱਚੇ ਵਾਪਸ ਮੁੜ ਗਏ।

ਜਦੋਂ ਪਿੰਡ ਮੰਡੇਰ ਦੇ ਮੋਹਤਵਰਾਂ ਨਾਲ ਇਸ ਸਬੰਧੀ ਗੱਲ ਕੀਤੀ ਤਾਂ ਉਹਨਾਂ ਕਿਹਾ ਕਿ ਇਸ ਬਾਰੇ ਸੁਣਿਆ ਤਾਂ ਪਹਿਲਾਂ ਵੀ ਸੀ ਪਰ ਉਹਨਾਂ ਨੂੰ ਪੱਕਾ ਭਰੋਸਾ ਨਹੀਂ ਸੀ। ਉਹਨਾਂ ਦੱਸਿਆ ਕਿ ਤੇਂਦੂਏ ਦੀ ਅਫਵਾਹ ਪਹਿਲਾਂ ਸਤਲੁਜ ਦਰਿਆ ਵਾਲੇ ਪਾਸੇ ਸੁਣੀ ਸੀ, ਹੋ ਸਕਦਾ ਹੈ ਕਿ ਉਹ ਇੱਧਰ ਆ ਗਏ ਹੋਣ। ਅੱਜ ਦੀ ਤੇਂਦੂਏ ਵਾਲੀ ਗੱਲ ਸੁਣ ਕੇ ਨੇੜਲੇ ਪਿੰਡਾਂ ਦੇ ਲੋਕਾਂ ਵਿੱਚ ਡਰ ਦਾ ਮਾਹੌਲ ਬਣ ਗਿਆ।

ਜੰਗਲੀ ਜੀਵ ਰੱਖਿਆ ਵਿਭਾਗ ਨੂੰ ਦਿੱਤੀ ਜਾਣਕਾਰੀ

ਇਸ ਸਬੰਧੀ ਜੰਗਲੀ ਜੀਵ ਰੱਖਿਆ ਵਿਭਾਗ ਦੇ ਦਫਤਰ ਗੜ੍ਹਸ਼ੰਕਰ੍ਹ ਵਿਖੇ ਫੋਨ 'ਤੇ ਗੱਲਬਾਤ ਕੀਤੀ ਤਾਂ ਵਿਭਾਗ ਦੇ ਮੁਲਾਜ਼ਮ ਦਿਲਾਵਰ ਸਿੰਘ ਅਤੇ ਫੋਰਿਸਟਰ ਕੁਲਦੀਪ ਚੰਦ ਨੇ ਕਿਹਾ ਕਿ ਉਹਨਾਂ ਵਲੋਂ ਚੈੱਕ ਕਰਕੇ ਪਿੰਜਰਾ ਆਦਿ ਲਗਾਇਆ ਜਾਵੇਗਾ ਤਾਂ ਜੋ ਖੂੰਖਾਰ ਕਿਸਮ ਦੇ ਜਾਨਵਰਾਂ ਨੂੰ ਕਾਬੂ ਕੀਤਾ ਜਾ ਸਕੇ।

# ਤਰਕਸ਼ੀਲ ਸੁਸਾਇਟੀ ਵੱਲੋਂ ਪੱਤਰਕਾਰਾਂ ਅਤੇ ਆਰ.ਟੀ. ਆਈ. ਕਾਰਕੁਨਾਂ ਤੇ ਕੀਤੇ ਝੂਠੇ ਪਰਚੇ ਰੱਦ ਕਰਨ ਦੀ ਮੰਗ

**ਨਵਾਂਸ਼ਹਿਰ ( ਚਰਨਜੀਤ ਸੱਲ੍ਹਾਂ )–** ਤਰਕਸ਼ੀਲ ਸੁਸਾਇਟੀ ਪੰਜਾਬ ਜੋਨ ਨਵਾਂਸ਼ਹਿਰ ਦੀ ਮੀਟਿੰਗ ਮਾਤਾ ਵਿੱਦਿਆਵਤੀ ਭਵਨ ਨਵਾਂਸ਼ਹਿਰ ਵਿਖੇ ਹੋਈ। ਇਸ ਮੌਕੇ ਸਾਲ 2026 ਦਾ ਕੈਲੰਡਰ ਜਾਰੀ ਕੀਤਾ ਗਿਆ ਅਤੇ ਤਰਕਸ਼ੀਲ ਮੈਗਜ਼ੀਨ ਅੰਕ ਜਨਵਰੀ - ਫ਼ਰਵਰੀ ਦੀ ਵੰਡ ਕੀਤੀ ਗਈ। ਇਕਾਈ ਨਵਾਂਸ਼ਹਿਰ ਦੇ ਵਿੱਤ ਮੁਖੀ ਬਲਵਿੰਦਰ ਸਿੰਘ ਦੇ ਪਿਤਾ ਉੱਘੇ ਕਵੀ ਤਰਸੇਮ ਸਾਕੀ ਅਤੇ ਡਾ. ਸਾਧੂ ਸਿੰਘ ਹਮਦਰਦ ਟਰੱਸਟ ਦੇ ਟਰੱਸਟੀ ਬੀਬੀ ਪ੍ਰਕਾਸ਼ ਕੌਰ ਦੀ ਪਿਛਲੇ ਦਿਨੀਂ ਹੋਈ ਮੌਤ ਤੇ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਗਿਆ। ਜੋਨ ਆਗੂਆਂ ਮਾ. ਜਗਦੀਸ਼ ਰਾਏਪੁਰ ਡੱਬਾ, ਸੁਖਵਿੰਦਰ ਗੋਗਾ, ਸੱਤਪਾਲ ਸਲੋਹ ਅਤੇ ਬਲਜਿੰਦਰ ਸ਼ਹਿਬਾਜ਼ਪੁਰ ਵਲੋਂ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਦੀ ਗ੍ਰਿਫਤਾਰੀ, ਸੱਚ ਦੀ ਆਵਾਜ਼ ਨੂੰ ਬੁਲੰਦ ਕਰਨ ਵਾਲੇ ਪੱਤਰਕਾਰਾਂ, ਸੋਸ਼ਲ ਮੀਡੀਆ ਕਾਰਕੁਨਾਂ ਅਤੇ ਆਰ. ਟੀ. ਆਈ ਕਾਰਕੁਨਾਂ ਖ਼ਿਲਾਫ਼ ਕੀਤੇ ਝੂਠੇ ਪਰਚਿਆਂ ਨੂੰ ਰੱਦ



ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ। ਉਹਨਾਂ ਕਿਹਾ ਕਿ ਇਹ ਲੋਕਾਂ ਦੇ ਬੋਲਣ ਲਿਖਣ ਦੇ ਸੰਵਿਧਾਨਕ ਹੱਕਾਂ ਨੂੰ ਕੁਚਲਣ ਦੀ ਤਾਨਾਸ਼ਾਹੀ ਹਰਕਤ ਹੈ ਜਿਸ ਨੂੰ ਦੇਸ਼ ਦੇ ਇਨਸਾਫਪਸੰਦ ਲੋਕ ਕਤਈ ਬਰਦਾਸ਼ਤ ਨਹੀਂ ਕਰਨਗੇ। ਸੂਬਾ ਕਮੇਟੀ ਆਗੂ ਜੋਗਿੰਦਰ ਕੁੱਲੇਵਾਲ ਨੇ ਕਿਹਾ ਕਿ ਦੇਸ਼ ਦੀ ਹਾਕਮ ਜਮਾਤ ਲੋਕਾਂ ਦੇ ਬੁਨਿਆਦੀ ਹੱਕਾਂ ਤੇ ਲਗਾਤਾਰ ਡਾਕੇ ਮਾਰ ਰਹੀ ਹੈ। ਲੋਕਾਂ ਦੀਆਂ ਮੁਢਲੀਆਂ ਜ਼ਰੂਰਤਾਂ ਨੂੰ ਅੱਖੋਂ ਪਰੋਖੇ ਕਰ ਰਹੀ ਹੈ। ਤਾਨਾਸ਼ਾਹੀ ਦੀਆਂ ਹੱਦਾਂ ਪਾਰ ਕੀਤੀਆਂ ਜਾ ਰਹੀਆਂ ਹਨ। ਲੋਕਾਂ ਦੀ ਜਾਨ ਮਾਲ ਦੀ ਕੋਈ ਗ੍ਰੰਟੀ ਨਹੀਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਲੈਕ. ਰਾਜ ਕੁਮਾਰ ਗੜ੍ਹਸ਼ੰਕਰ, ਹਰਜਿੰਦਰ ਸੂੰਨੀ, ਬਲਵਿੰਦਰ ਕੌਰ ਸਲੋਹ ਅਤੇ ਮਾ.ਹਰਦੀਪ ਗੜ੍ਹਸ਼ੰਕਰ ਹਾਜ਼ਰ ਸਨ।

**ਮਾ. ਜਗਦੀਸ਼ ਰਾਏਪੁਰ ਡੱਬਾ**
**ਜਥੇਬੰਦਕ ਮੁਖੀ ਜੋਨ ਨਵਾਂਸ਼ਹਿਰ।**
**ਫੋਨ:9417434038**

# ਪੰਜਾਬ ਸੰਭਾਲੋ ਮਹਿਮ,ਪੰਜਾਬ ਸਰਕਾਰ ਚੁਣਾਵੀ ਵਾਅਦੇ ਪੂਰੇ ਕਰੋ ਵਰਨਾ ਕੁਰਸੀ ਖਾਲੀ ਕਰੋ



**ਕਰੀਮਪੁਰੀ–ਹੁਸ਼ਿਆਰਪੁਰ( ਚਰਨਜੀਤ ਸੱਲ੍ਹਾਂ )** 15 ਜਨਵਰੀ ਨੂੰ ਗੜਸ਼ੰਕਰ ਦਾਣਾ ਮੰਡੀ ਵਿਖੇ ਭੈਣ ਕੁਮਾਰੀ ਮਾਇਆਵਤੀ ਜੀ ਦੇ ਜਨਮ ਦਿਨ ਤੇ ਕੀਤੇ ਜਾਣ ਵਾਲੇ ਜਨ ਕਲਿਆਣ ਦਿਵਸ ਸਮਾਂਰੋਹ ਦੀਆਂ ਤਿਆਰੀਆਂ ਲਈ ਸ਼ਾਮਚੁਰਾਸੀ ਵਿਖੇ ਮੀਟਿੰਗ ਕਰਕੇ ਲੀਡਰਸ਼ਿਪ ਦੀਆਂ ਜਿੰਮੇਵਾਰੀਆਂ ਲਗਾਈਆਂ ਗਈਆਂ ਵੱਡੀ ਗਿਣਤੀ ਵਿੱਚ ਗੜਸ਼ੰਕਰ ਦਾਣਾ ਮੰਡੀ ਪਹੁੰਚਣ ਦਾ ਸੱਦਾ ਦਿੱਤਾ ਗਿਆ ਇਸ ਮੌਕੇ ਪੰਜਾਬ ਸਰਕਾਰ ਨੂੰ ਅਵਤਾਰ ਸਿੰਘ ਕਰੀਮਪੁਰੀ ਨੇ ਕਿਹਾ ਕਿ ਚਾਰ ਸਾਲ ਦਾ 48 -48 ਹਜਾਰ ਰੁਪਆ ਤੁਰੰਤ ਔਰਤਾਂ ਦੇ ਖਾਤੇ ਵਿੱਚ ਟ੍ਰਾਂਸਫਰ ਕਰੇ ਸਰਕਾਰ ਵਰਨਾ ਕੁਰਸੀ ਖਾਲੀ ਕਰੋ ਬਸਪਾ ਵੱਲੋਂ ਇਹ ਅਭਿਆਨ 15 ਜਨਵਰੀ ਤੋਂ ਭੈਣ ਕੁਮਾਰੀ ਮਾਇਆਵਤੀ ਜੀ ਦੇ ਜਨਮ ਦਿਨ ਤੋਂ ਸ਼ੁਰੂ ਕੀਤਾ ਜਾਵੇਗਾ ਕਿ ਚੁਣਾਵੀ ਵਾਅਦੇ ਪੂਰੇ ਕਰੋ ਵਰਨਾ ਕੁਰਸੀ ਖਾਲੀ ਕਰੋ ਕਿਉਂਕਿ ਸਰਕਾਰ ਨੇ ਔਰਤਾਂ ਨਾਲ ਇੱਕ-ਇੱਕ ਹਜ਼ਾਰ ਦਾ ਵਾਅਦਾ ਪੂਰਾ ਨਹੀਂ ਕੀਤਾ, ਪੰਜਾਬ ਵਿੱਚ ਨਸ਼ਿਆਂ ਦਾ ਖਾਤਮਾ ਕਰਨ ਸਰਕਾਰ ਫੇਲ ਹੋਈ, ਪੰਜਾਬ ਦੇ ਵਿੱਚ ਰੇਤ ਮਾਫੀਆ ਸੂਬੇ ਦੇ ਕੁਦਰਤੀ ਸਰੋਤਾਂ ਦੀ ਲੁੱਟ ਕਰ ਰਿਹਾ, ਸਿੱਖਿਆ ਕ੍ਰਾਂਤੀ ਫੇਲ,ਸਿਹਤ ਕ੍ਰਾਂਤੀ ਫੇਲ,ਪੰਜਾਬ ਨੂੰ ਕਰਜ਼ਾ ਮੁਕਤ ਕਰਨ ਦੇ ਵਾਅਦੇ ਤੇ ਬੇਰੁਜ਼ਗਾਰਾਂ ਨੂੰ ਰੁਜ਼ਗਾਰ ਦੇਣ ਦੇ ਮੁੱਦੇ ਤੇ ਸਰਕਾਰ ਫੇਲ, 78 ਸਾਲਾਂ ਦੇ ਹਾਕਮਾਂ ਨੇ ਪੰਜਾਬ ਨੂੰ ਬਦਹਾਲ ਬਣਾ ਦਿੱਤਾ ਪੰਜਾਬ ਸੰਭਾਲੋ ਮਹਿਮ ਬਣਾਏ ਗਏ ਬਦਹਾਲ ਪੰਜਾਬ ਨੂੰ ਖੁਸ਼ਹਾਲ ਪੰਜਾਬ, ਇਸ ਮੌਕੇ ਪਾਰਟੀ ਦੇ ਸਟੇਟ ਕੁਆਰਡੀਨੇਟਰ ਚੌਧਰੀ ਗੁਰਨਾਮ ਸਿੰਘ ਜਿਲਾ ਪ੍ਰਧਾਨ ਦਲਜੀਤ ਰਾਏ ਹਲਕਾ ਪ੍ਰਧਾਨ ਸੰਦੀਪ ਹੈਪੀ ਤੋਂ ਇਲਾਵਾ ਪਾਰਟੀ ਦੀ ਹੋਰ ਲੀਡਰਸ਼ਿਪ ਅਤੇ ਵੱਡੀ ਗਿਣਤੀ ਵਿੱਚ ਬਸਪਾ ਸਮਰਥਕ ਪਾਰਟੀ ਵਰਕਰ ਮੌਜੂਦ ਸਨ ਸਾਰਿਆਂ ਨੇ ਬੜੀ ਗਿਣਤੀ ਚ ਆਪਣੀ ਨੇਤਾ ਭੈਣ ਕੁਮਾਰੀ ਮਾਇਆਵਤੀ ਜੀ ਦੇ ਜਨਮ ਦਿਨ ਤੇ ਪਹੁੰਚਣ ਦਾ ਭਰੋਸਾ ਦਿੱਤਾ।

# ਠੰਡ ਤੋਂ ਬਚਣ ਲਈ ਬੰਦ ਕਮਰੇ ਵਿੱਚ ਅੱਗ ਨਾ ਬਾਲਣ ਦੀ ਸਲਾਹ ਦਿੱਤੀ : ਡਾ ਹਰੀ ਕ੍ਰਿਸ਼ਨ ਬੰਗਾ





**ਬੰਗਾ ( ਚਰਨਜੀਤ ਸੱਲ੍ਹਾਂ )** ਅੱਜ ਮਿਤੀ 9-01-26 ਰੋਟਰੀ ਕਲੱਬ ਆਸਥਾ ਵਲੋਂ ਪ੍ਰਧਾਨ ਸ਼੍ਰੀ ਅਰੁਣ ਕੁਮਾਰ ਸ਼ਰਮਾ ਜੀ ਦੀ ਅਗਵਾਈ ਵਿੱਚ ਸ਼੍ਰੀ ਨਾਭ ਕੰਵਲ ਰਾਜਾ ਸਾਹਿਬ ਬਿਰਧ ਆਸ਼ਰਮ ਫੱਤੂਆਣਾ ਭਰੋਮਾਜ਼ਾਰਾ ਵਿਖੇ ਆਸਰਾ ਲੈ ਰਹੇ ਮਰੀਜਾਂ ਦੀ ਸਿਹਤ ਸੰਭਾਲ ਲਈ ਦਵਾਈਆਂ ਦਿਤੀਆਂ ਗਈਆਂ। ਇਸ ਮੌਕੇ ਸ਼੍ਰੀ ਕੁਲਵੰਤ ਕੁਮਾਰ ਬੱਬਰ, ਜਨਰਲ ਸੈਕਟਰੀ, ਸ਼੍ਰੀ ਰਾਜੇਸ਼ ਕਲਸੀ, ਸ਼੍ਰੀ ਮਨੀਸ਼ ਕੁਮਾਰ ਸ਼ਰਮਾ, ਡਾ. ਹਰੀ ਕ੍ਰਿਸ਼ਨ ਬੰਗਾ, ਸ਼੍ਰੀ ਦਲਵੀਰ ਸਿੰਘ ਝੱਜ਼, ਸ਼੍ਰੀ ਰਾਮ ਸਿੰਘ ਸਰਪੰਚ, ਸ਼੍ਰੀ ਹਰਜਿੰਦਰ ਸਿੰਘ, ਸ਼੍ਰੀ ਅਵਤਾਰ ਸਿੰਘ ਪੰਚ ਅਤੇ ਸ਼੍ਰੀ ਮਤੀ ਮਨਪ੍ਰੀਤ ਕੌਰ ਮੈਂਬਰ ਬਲਾਕ ਸੰਮਤੀ ਬੰਗਾ ਹਾਜ਼ਰ ਸਨ। ਡਾ. ਹਰੀ ਕ੍ਰਿਸ਼ਨ ਜੀ ਨੇ ਇਸ ਮੌਕੇ ਠੰਡ ਤੋਂ ਬਚਣ ਅਤੇ ਬੰਦ ਕਮਰੇ ਵਿੱਚ ਅੱਗ ਨਾ ਬਾਲਣ ਦੀ ਸਲਾਹ ਦਿੱਤੀ ਅਤੇ ਹੋਣ ਵਾਲੇ ਨੁਕਸਾਨ ਤੋਂ ਜਾਣੂ ਕਰਵਾਇਆ। ਬਾਬਾ ਬਲਵੰਤ ਸਿੰਘ ਜੀ ਨੇ ਸਾਰਿਆਂ ਨੂੰ ਚਾਹ ਦਾ ਲੰਗਰ ਛਕਾਇਆ ਅਤੇ ਦਵਾਈਆਂ ਦੀ ਸੇਵਾ ਲਈ ਧੰਨਵਾਦ ਕੀਤਾ।

# ਮਨਰੇਗਾ ਨੂੰ ਖ਼ਤਮ ਕਰਕੇ ਕੇਂਦਰ ਸਰਕਾਰ ਗਰੀਬਾਂ ਦੇ ਚੁੱਲ੍ਹੇ ਠੰਡੇ ਕਰਨ ਤੇ ਤੁਰੀ

## 10 ਜਨਵਰੀ ਨੂੰ ਸੰਗਰੂਰ ਵਿਖੇ ਕਾਂਗਰਸ ਪਾਰਟੀ ਨਰੇਗਾ ਰੁਜਗਾਰ ਦੇ ਹੱਕ ਵਿੱਚ ਡਟੇਗੀ - ਕਮਲਜੀਤ ਸਿੰਘ ਚੱਕ

**ਮਹਿਲ ਕਲਾਂ ( ਗੁਰਭਿੰਦਰ ਗੁਰੀ )** ਨਰੇਗਾ ਨੂੰ ਲੈ ਕੇ ਕੇਂਦਰ ਵੱਲੋਂ ਬਣਾਈ ਨਵੀਂ ਨੀਤੀ "ਜੀ ਰਾਮ ਜੀ" ਕਿਸੇ ਵੀ ਪੱਖ ਤੋਂ ਲੋਕਾਂ ਦੇ ਹੱਕ ਵਿੱਚ ਨਹੀਂ, ਜਿਸ ਤਰ੍ਹਾਂ ਪਹਿਲਾਂ ਕੇਂਦਰ ਵੱਲੋਂ ਲੋਕ ਵਿਰੋਧੀ ਫੈਂਸਲੇ ਲਏ ਗਏ ਇਹ ਫ਼ੈਸਲਾ ਵੀ ਉਹਨਾਂ ਵਰਗਾ ਹੀ ਹੈ ਤੇ 10 ਜਨਵਰੀ ਨੂੰ ਸੰਗਰੂਰ ਵਿਖੇ ਮਨਰੇਗਾ ਬਚਾਓ ਰੈਲੀ ਰਾਹੀਂ ਕਾਂਗਰਸ ਪਾਰਟੀ ਇਸਦਾ ਤਕੜਾ ਵਿਰੋਧ ਕਰਦੀ ਹੋਈ ਗਰੀਬਾਂ ਦੇ ਹੱਕ ਵਿੱਚ ਡਟੇਗੀ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ ਹਲਕਾ ਮਹਿਲ ਕਲਾਂ ਤੋਂ ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਤੇ ਵਿਧਾਨ ਸਭਾ ਟਿਕਟ ਦੇ ਮੁੱਖ ਦਾਵੇਦਾਰ ਕਮਲਜੀਤ ਸਿੰਘ ਚੱਕ ਨੇ ਕੀਤਾ। ਉਹਨਾਂ ਕਿਹਾ ਕਿ ਦੇਸ਼ ਵਿੱਚ ਪਹਿਲਾਂ ਹੀ ਭਾਜਪਾ ਦੀ ਸਰਕਾਰ ਨੇ ਲੋਕਾਂ ਦਾ ਜੀਣਾ ਮੁਹਾਲ ਕੀਤਾ ਹੋਇਆ ਹੈ, ਭਾਜਪਾ ਦੀਆਂ ਨੀਤੀਆਂ ਦੇਸ਼ ਵਾਸੀਆਂ ਨੂੰ ਕੰਗਾਲ ਕਰ ਰਹੀਆਂ ਨੇ ਤੇ ਆਪਣੇ ਕੁਝ ਅਮੀਰ ਦੋਸਤਾਂ ਨੂੰ ਖੁਸ਼ ਕਰਨ ਤੇ ਲਾਗੂ ਹੁੰਦੀਆਂ ਹਨ। ਹੁਣ ਮਨਰੇਗਾ ਨੂੰ ਖ਼ਤਮ ਕਰਕੇ ਇਕ ਨਵੀਂ ਸਕੀਮ ਇਹਨਾਂ ਵੱਲੋਂ ਲਿਆਈ ਗਈ ਹੈ ਉਹ ਗਰੀਬ ਮਜ਼ਦੂਰ ਵਰਗ ਨੂੰ ਹੋਰ ਵੀ ਪ੍ਰੇਸ਼ਾਨ ਤੇ ਕੰਮ ਤੋਂ ਵਾਂਝਾ ਕਰੇਗੀ। ਪਹਿਲਾਂ ਮਨਰੇਗਾ ਵਿੱਚ 10 ਪ੍ਰਤੀਸ਼ਤ ਸੂਬਾ ਸਰਕਾਰ ਦਿੰਦੀ ਸੀ 90 ਪ੍ਰਤੀਸ਼ਤ ਕੇਂਦਰ ਦਿੰਦਾ ਸੀ। ਪਰ ਹੁਣ ਕੇਂਦਰ 60/40 ਦੀ ਗੱਲ ਕਰ ਰਿਹਾ ਕਿ 60 ਪ੍ਰਤੀਸ਼ਤ ਕੇਂਦਰ ਅਤੇ 40 ਪ੍ਰਤੀਸ਼ਤ ਸੂਬਾ ਸਰਕਾਰ ਦਵੇਗੀ। ਕਮਲਜੀਤ ਸਿੰਘ ਨੇ ਕਿਹਾ ਕਿ ਪੰਜਾਬ ਦੀ ਸੂਬਾ ਸਰਕਾਰ ਤਾਂ ਪਹਿਲਾਂ ਹੀ ਕਰਜਾ ਲੈਕੇ ਵੈਂਟੀਲੇਟਰ ਦੇ ਚੱਲ ਰਹੀ ਹੈ ਇਹ ਕਿੱਥੋਂ ਚਾਲੀ ਫ਼ੀਸਦੀ ਹਿੱਸਾ ਪਾ ਕੇ ਲੋਕਾਂ ਨੂੰ ਰੁਜਗਾਰ ਦੇ ਦੇਵੇਗੀ ਇਸ ਨਾਲ ਨਤੀਜਾ ਇਹ ਹੋਵੇਗਾ ਕੇ ਨਰੇਗਾ ਬੰਦ ਹੋ ਜਾਵੇਗੀ । ਪੰਜਾਬ ਸਰਕਾਰ ਤੇ ਕਟਾਕਸ਼ ਕਰਦਿਆਂ ਕਮਲਜੀਤ ਸਿੰਘ ਨੇ ਕਿਹਾ ਕਿ ਭਗਵੰਤ ਸਿੰਘ ਮਾਨ ਦੀ ਇਸ ਸਰਕਾਰ ਨੇ ਸੂਬੇ ਸਿਰ ਹੋਰ ਵੀ ਕਰਜਾ ਵਧਾ ਦਿੱਤਾ ਹੈ। ਜਿਸ ਕਾਰਨ ਇਹ ਪੈਸੇ ਸੂਬੇ ਸਰਕਾਰ ਵੱਲੋਂ ਦੇਣੇ ਵਸ ਦੀ ਗੱਲ ਨਹੀਂ। ਆਉਣ ਵਾਲੀ 10 ਜਨਵਰੀ ਨੂੰ ਸੰਗਰੂਰ ਵਿਖੇ ਕਾਂਗਰਸ ਪਾਰਟੀ ਵੱਲੋਂ ਮਨਰੇਗਾ ਬਚਾਓ ਮੁਹਿੰਮ ਤਹਿਤ ਵੱਡੀ ਰੋਸ਼ ਰੈਲੀ ਵੀ ਰੱਖੀ ਗਈ ਹੈ। ਜਿਸ ਵਿੱਚ ਵਿਧਾਨ ਸਭਾ ਹਲਕੇ ਤੋਂ ਵੱਡੇ ਇਕੱਠ ਦੇ ਰੂਪ ਵਿੱਚ ਸ਼ਾਮਿਲ ਹੋਵਾਂਗੇ ਜਿਸ ਨਾਲ ਕੇਂਦਰ ਸਰਕਾਰ ਦੇ ਕੰਨਾਂ ਤੱਕ ਇਹ ਆਵਾਜ਼ ਜਾਏਗੀ ਕਿ ਜਿਹੜੀ ਸਕੀਮ ਉਹ ਲਿਆ ਰਹੇ ਨੇ ਉਹ ਬਿਲਕੁਲ ਲੋਕਾਂ ਦੇ ਹਿੱਤ ਵਿੱਚ ਨਹੀਂ ਹੈ ।



# ਤਕਦੀਰਾਂ ਤੇ ਤਦਬੀਰਾਂ



ਜੀਵਨ ਵਿੱਚ ਖ਼ੁਸ਼ੀਆਂ ਗ਼ਮੀਆਂ ਨਾਲ ,
ਵੱਡਾ ਤਰਥੱਲ ਵੀ ਆਉਂਦਾ ਹੈ ।
ਐਪਰ ਹਰ ਮੁਸ਼ਕਲ ਦੇ ਨਾਲ ਨਾਲ ,
ਉਸ ਦਾ ਕੋਈ ਹੱਲ ਵੀ ਆਉਂਦਾ ਹੈ।
ਅਸੀਂ ਜੰਮੇਂ ਜਾਏ ਪੰਜਾਬ ਦੇ ਹਾਂ ,
ਪੂਜਾ ਕਰੀਏ ਤਦਬੀਰਾਂ ਦੀ ;
ਸਾਨੂੰ ਹੱਥਾਂ ਦੀਆਂ ਲਕੀਰਾਂ ਨੂੰ ,
ਬਦਲਣ ਦਾ ਵੱਲ ਵੀ ਆਉਂਦਾ ਹੈ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ ਸੰਗਰੂਰ ।**
9914836037

# ਵਕਤ ਦੀ ਪੈੜ

ਕਦੇ ਪੌਣਾਂ ਬਣ ਕੇ ਆਉਂਦੇ ਨੇ, ਕਦੇ ਮਹਿਕਾਂ ਬਣ ਕੇ ਘੁਲਦੇ ਨੇ,
ਕੁਝ ਬੰਦ ਪਏ ਹੋਏ ਬੂਹੇ ਵੀ, ਬਸ ਯਾਦਾਂ ਦੇ ਨਾਲ ਖੁੱਲ੍ਹਦੇ ਨੇ।
ਬੜੀ ਚੁੱਪ ਹੈ ਪਿੰਡ ਦੇ ਪਿੱਪਲਾਂ 'ਤੇ, ਕੋਈ ਪੀਂਘ ਨਾ ਹੁਣ ਤਾਂ ਝੂਟ ਰਹੀ,
ਜਿਵੇਂ ਬੀਤੇ ਵੇਲੇ ਦੀ ਕੋਈ ਤੰਦ, ਸਾਡੇ ਹੱਥਾਂ ਵਿੱਚੋਂ ਛੁੱਟ ਰਹੀ।
ਨਾ ਸੁਰਮਾ ਅੱਖ ਵਿੱਚ ਹੱਸਦਾ ਹੈ, ਨਾ ਚਾਅ ਹੀ ਗਾਨੀ ਪਾਉਂਦੇ ਨੇ,
ਹੁਣ ਪੰਛੀ ਵੀ ਤਾਂ ਉੱਡਣ ਵੇਲੇ, ਕੋਈ ਗ਼ਮ ਦਾ ਗੀਤ ਨਾ ਸੁਣਾਉਂਦੇ ਨੇ।
ਇਹ ਦਿਲ ਦੇ ਵਰਕੇ ਕੋਰੇ ਨੇ, ਜਿੱਥੇ ਹੰਝੂ ਅੱਖਰ ਡੁੱਲ੍ਹਦੇ ਨੇ,
ਕੁਝ ਬੰਦ ਪਏ ਹੋਏ ਬੂਹੇ ਵੀ, ਬਸ ਯਾਦਾਂ ਦੇ ਨਾਲ ਖੁੱਲ੍ਹਦੇ ਨੇ।
ਅਸੀਂ ਕੱਚਿਆਂ ਕੋਠਿਆਂ ਵਰਗੇ ਸਾਂ, ਮੀਂਹ ਦੇ ਆਉਣੋ ਡਰ ਤੋਂ ਡਰਦੇ ਰਹੇ,
ਅੰਦਰ ਬਲਦੇ ਦੀਵਿਆਂ ਨੂੰ, ਹਿੱਕ ਤਾਣ ਕੇ ਰੌਸ਼ਨ ਕਰਦੇ ਰਹੇ।
ਕੋਈ ਫੁੱਲ ਜੇ ਸ਼ਾਖ ਤੋਂ ਟੁੱਟਦਾ ਹੈ, ਉਹ ਮਿੱਟੀ ਦੇ ਵਿੱਚ ਰਲ ਜਾਵੇ,
ਮਹਿਕ ਤਾਂ ਫਿਰ ਵੀ ਹਵਾਵਾਂ ਦੇ ਸਾਹਾਂ ਵਿੱਚ ਘੁਲਦੀ ਘੁਲ ਜਾਵੇ।
ਸਭ ਰੰਗ-ਤਮਾਸ਼ੇ ਦੁਨੀਆ ਦੇ, ਬਸ ਵਕਤ ਦੇ ਹੱਥੀਂ ਤੁਲਦੇ ਨੇ,
ਕੁਝ ਬੰਦ ਪਏ ਹੋਏ ਬੂਹੇ ਵੀ, ਬਸ ਯਾਦਾਂ ਦੇ ਨਾਲ ਖੁੱਲ੍ਹਦੇ ਨੇ।
ਕਿਤੇ ਦੂਰ ਬਨੇਰੇ ਬੋਲਦਾ, ਕੋਈ ਕਾਂ ਸੁਨੇਹਾ ਲਿਆਉਂਦਾ ਸੀ,
ਉਹ ਵੇਲਾ ਕਿੰਨਾ ਸੱਚਾ, ਜਦੋਂ ਮਨ ਚਾਅਵਾਂ ਵਿੱਚ ਗਾਉਂਦਾ ਸੀ।
ਹੁਣ ਸ਼ਹਿਰੋਂ ਆਈਆਂ ਚਿੱਠੀਆਂ ਵਿੱਚ, ਉਹ ਪਹਿਲਾਂ ਵਰਗੀ ਗੱਲ ਨਹੀਂ?
ਪਥਰਾਏ ਹੋਏ ਇਨ੍ਹਾਂ ਚਿਹਰਿਆਂ 'ਤੇ, ਉਹ ਨੂਰਾਨੀ ਜਿਹੀ ਝੱਲ ਨਹੀਂ?
ਇਹ ਰਿਸ਼ਤੇ ਰੇਤ ਦੀਆਂ ਕੰਧਾਂ ਦੇ, "ਖਿੱਚੀ" ਪਾਣੀ ਵੇਖ ਜਿਹੜੇ ਭੁਰਦੇ ਨੇ,
ਕੁਝ ਬੰਦ ਪਏ ਹੋਏ ਬੂਹੇ ਵੀ, ਬਸ ਯਾਦਾਂ ਦੇ ਨਾਲ ਖੁੱਲ੍ਹਦੇ ਨੇ।
ਮੈਂ ਲਿਖ-ਲਿਖ ਹਾਰਿਆ ਅੱਖਰਾਂ ਤੋਂ, ਪਰ ਦਰਦ ਨਾ ਪੂਰਾ ਹੋਇਆ ਹੈ,
ਇੱਕ ਕਲਮ ਨਿਮਾਣੀ ਅੱਜ ਫਿਰ ਤੋਂ, ਕਾਗਜ਼ ਦੀ ਸੀਨੇ 'ਤੇ ਰੋਈ ਹੈ।
ਜਦੋਂ ਮੁੜ ਕੇ ਪਿੱਛੇ ਦੇਖਾਂਗੇ, ਬਸ ਮਿੱਟੀ ਉੱਡਦੀ ਦਿਸਣੀ ਹੈ,
ਇਹ ਜ਼ਿੰਦਗੀ ਲਿਖਣ ਵਾਲਿਆਂ ਨੇ, ਬਸ ਹਾਉਕੇ ਭਰ-ਭਰ ਲਿਖਣੀ ਹੈ।
ਜੋ ਰਾਹਾਂ ਦੇ ਵਿੱਚ ਰੁਲ ਗਏ ਨੇ, ਉਹ ਕਦ ਮੁਕੱਦਰਾਂ ਨੂੰ ਭੁੱਲਦੇ ਨੇ,
ਕੁਝ ਬੰਦ ਪਏ ਹੋਏ ਬੂਹੇ ਵੀ, ਬਸ ਯਾਦਾਂ ਦੇ ਨਾਲ ਖੁੱਲ੍ਹਦੇ ਨੇ।



**ਪ੍ਰੋ. ਪਵਨ ਖਿੱਚੀ, ਮਾਨਸਾ**
**ਮੋਬਾ. 9478160786**

# ਆਤਮ ਬੋਧ (ਨਜ਼ਮ)

ਸੰਭਲ ਜਾ!
ਸੱਚ ਬੋਲਣੋ ਹਟਜਾ ,
ਐਵੇਂ ਖੰਭ ਪੁਟਾ ਲਵੇਂਗਾ।
ਕੱਖਾਂ ਦੀ ਕੁੱਲੀ ਹੈ ਤੇਰੀ
ਲਾਬੂ ਐਵੇਂ ਲਵਾ ਲਵੇਂਗਾ।
ਸੰਗ ਹਵਾਵਾਂ ਚੱਲਣਾ ਸਿੱਖ ਲੈ,
ਜ਼ਿੰਦਗੀ ਸੌਖੀ ਹੋ ਜਾਏਗੀ, ਆਦਰਸ਼ਵਾਦ ਦੇ ਚੱਕਰ ਦੇ ਵਿੱਚ,
ਝੁਗਾ ਚੌੜ ਕਰਾ ਲਏਂਗਾ।
ਹੱਕ ਸੱਚ ਦੇ ਨਾਹਰੇ ਲਾਉਂਦਾ,
ਇੱਕ ਦਿਨ ਕੱਲਾ ਰਹਿ ਜਾਏਗਾ,
ਚੱਲਦਾ ਰਿਹਾ ਜੇ ਇਨ੍ਹਾ ਰਾਹਾਂ ਤੇ
ਨਵਾਂ ਹੀ ਚੰਨ ਚੜਾ ਲਏਂਗਾ।
ਅੱਖਾਂ ਮੀਟ ਕੇ ਜਿਉਂਣਾ ਸਿੱਖ ਲੈ, ਰੰਗ ਬਰੰਗੇ ਲੋਕਾਂ ਵਿੱਚ,
ਬੇਖੁਦਾ ਲੋਕਾਂ ਦੀ ਖਾਤਰ,
ਜਿੰਦ ਕੁਠਾਲੀ ਪਾ ਲਏਂਗਾ
ਸ਼ਿਵਲੀ ਦੇ ਫੁੱਲਾਂ ਤੋਂ ਰੋਇਆ,
ਕੀ ਤੂੰ ਜੋਗ ਕਮਾਏਂਗਾ
ਆਪਣੀ ਹਸਤੀ ਖੋ ਕੇ ਕਿੱਦਾਂ
ਦੁਨੀਆ ਨਵੀਂ ਵਸਾ ਲਏਂਗਾ।
ਸਿੱਖ, ਸਿਆਸਤ, ਨੇਤਾ ਬਣ ਜਾ
ਲਾਉਂਦਾ ਜਾ
ਬੁਝਾਉਂਦਾ ਜਾ
ਆਪ ਸੁਖੀ ਤੇ ਅਗੰਤ ਸੁਖੇਲਾ
ਜ਼ਿੰਦਗੀ ਸਫ਼ਲ ਬਣਾ ਲਏਂਗਾ।



**ਸੰਤਵੀਰ**

# ਇਕਰਾਰ



ਜ਼ਖਮਾ ਨੂੰ ਦਰਕੀਨਾਰ ਨਹੀਂ ਕੀਤਾ,
ਬੇਕਦਰਾਂ ਨਾਲ ਪਿਆਰ ਨਹੀਂ ਕੀਤਾ,

ਜ਼ੁਲਮਾਂ ਦੀ ਵੀ ਹਦ ਮੈਂ ਤਾਂ ਦੇਖ ਲਈ,
ਝੂਠੇ ਨਾਲ ਕਦੇ ਇਕਰਾਰ ਨਹੀਂ ਕੀਤਾ,

ਕਮੀਆਂ ਲੱਭਦੇ ਨੂੰ ਉਮਰ ਬੀਤ ਗਈ,
ਅਸਲ ਵਿੱਚ ਕਦੇ ਉਪਕਾਰ ਨਹੀਂ ਕੀਤਾ,

ਮੈਖਾਨੇ ਭਰੇ ਨਾਲ ਸ਼ਰਾਬਾ ਦੇ ਸੱਜਣਾ,
ਸੱਚੀਂ ਨਸ਼ੀਲੀ ਅੱਖ ਦਾ ਜਾਮ ਨਹੀਂ ਪੀਤਾ,

ਇਤਫ਼ਾਕ ਸੀ ਜਾਂ ਇੱਕ ਸੱਚ ਸੀ ਉਹ 'ਪਿੰਦੂ'
ਰਾਹੋਂ ਵਾਲੇ ਨੇ ਕਿਸੇ ਦਾ ਬੁਰਾ ਨਹੀਂ ਕੀਤਾ,

**ਪਿੰਦੂ ਰਾਹੋਂ (ਨਵਾਂ ਸ਼ਹਿਰ)**
+917710556211

# ਖ਼ੁਦਾ ਦਾ ਦੂਜਾ ਰੂਪ ਮਾਂ



ਦੂਜਾ ਰੂਪ ਖ਼ੁਦਾ ਦਾ, ਮਾਂ ਧਰਤੀ 'ਤੇ ਆਈ,
ਮਾਂ 'ਹਕਮਾ' ਵੱਲ ਜਦ ਮੈਂ ਤੱਕਿਆ,ਘੁੱਟਕੇ ਜੱਫ਼ੀ ਪਾਈ।
ਦੂਜਾ ਰੂਪ ਖ਼ੁਦਾ ਦਾ ਮਾਂ ਤੂੰ,ਮਾਂ ਨੂੰ ਆਖ ਸੁਣਾਇਆ,
ਜਿਸ ਖ਼ੁਦਾ ਦੀ ਰਹਿਮਤ ਸਦਕਾ,ਮੈਂ ਧਰਤੀ 'ਤੇ ਆਇਆ।
ਇਹ ਗੱਲ ਸੁਣਕੇ ਮਾਂ ਮੇਰੀ ਨੇ,ਜੱਫ਼ੀ ਵਿੱਚ ਘੁੱਟ ਲਿਆ,
ਅੱਗੇ ਬੋਲ ਸੁਣਾਵਾਂ ਕਿੱਦਾਂ, ਜੋ ਉਸ ਮੁੱਖੋਂ ਕਿਹਾ।
ਦੁਨੀਆਂ ਭਰ ਦਾ ਪਿਆਰ ਮੁਹੱਬਤ,ਮੇਰੇ ਪੱਲੇ ਪਾਇਆ,
ਕੁੱਲ ਸ੍ਰਿਸ਼ਟੀ ਆਲਮ ਦਾ ਸੁੱਖ ਵੀ,ਨਾਂਅ ਉਸ ਮੇਰੇ ਲਾਇਆ।
ਇਹ ਸਭ ਉਸ ਖ਼ੁਦਾ ਦੀ ਰਹਿਮਤ,ਜੋ ਮੈਂ ਅੱਜ ਹੰਢਾਵਾਂ,
ਓਹ ਦੀ ਰਹਿਮਤ ਸਦਕਾ ਹੀ,ਇਹ ਜੀਵਨ ਆਉਣ ਬੀਤਾਵਾਂ।
ਦੁੱਖ ਮੁਸੀਬਤ ਵਿੱਚ ਔਕੜ ਉਹ,ਅੱਜ ਵੀ ਸਾਥ ਨਿਭਾਵੇ,
ਬਿਨਾ ਸ਼ੱਕ ਉਹ ਇਸ ਧਰਤੀ 'ਤੇ,ਨਾ ਹੁਣ ਨਜ਼ਰੀ ਆਵੇ।
ਇਕ-ਇਕ ਯਾਦ ਓਸ ਖ਼ੁਦਾ ਦੀ,ਜ਼ਿਹਨ ਵਿੱਚ ਸਮਾਈ,
ਜਿਸ ਖ਼ੁਦਾ ਨੇ ਸੱਚ ਦੱਸਾਂ,ਇਹ ਦੁਨੀਆਂ ਆਉਣ ਦਿਖਾਈ।
ਮਾਂ ਦੇ ਬੋਲ ਖ਼ੁਦਾ ਦੀ ਰਹਿਮਤ,ਪਲ-ਪਲ ਸਾਥ ਨਿਭਾਇਆ,
ਜੋ ਮਾਂ ਬੋਲ ਉਚਾਰੇ ਮੁੱਖੋਂ,ਜੀਵਨ ਆਉਣ ਬਣਾਇਆ।
ਧਰਤੀ ਉੱਤੇ ਰੱਬ ਘੁੰਮਦਾ,ਉਸ ਵਿੱਚ ਨਜ਼ਰੀ ਆਇਆ,
ਕੁੱਲ ਖ਼ਲਕਤ ਆਲਮ ਨੇ ਜਿਹਨੂੰ,ਮਾਂ ਕਹਿ ਆਉਣ ਬੁਲਾਇਆ।
ਬਨਾਰਸੀ ਦਾਸ ਨਾਲ ਮੁਹੱਬਤ,ਜਦ ਵੀ ਧਿਆਨ ਲਗਾਇਆ,
ਦੂਜਾ ਰੂਪ ਖ਼ੁਦਾ ਦਾ ਸੱਚ ਮੁੱਚ,ਮਾਂ ਹੀ ਨਜ਼ਰੀ ਆਇਆ।

**ਬਨਾਰਸੀ ਦਾਸ ਅਧਿਆਪਕ ਰੱਤੇਵਾਲ**
**ਸੰਪਰਕ: 94635-05286**

# ਜਨਮਦਿਨ ਮੁਬਾਰਕ



**ਜਸ਼ਨਦੀਪ ਸਿੰਘ**
**ਪਿਤਾ ਕੁਲਦੀਪ ਸਿੰਘ**
**ਮਾਤਾ ਪਵਨਦੀਪ ਕੌਰ**
**ਵਾਸੀ ਮੋਰਿੰਡਾ**



**ਰਾਜ ਗਿੱਲ ਭਾਣਾ**
**(ਲੋਕ ਗਾਇਕ)**
**ਮੀਤ ਪ੍ਰਧਾਨ**
**ਕਲਮਾਂ ਦੇ ਰੰਗ ਸਾਹਿਤ ਸਭਾ**
**( ਰਜਿ) ਫ਼ਰੀਦਕੋਟ**

## ਜਨਵਰੀ ਮਹੀਨੇ ਵਿੱਚ ਮਹਾਂਨ ਬਹੁਜਨ ਸਮਾਜ ਦੇ ਰਹਿਬਰਾਂ ਦਾ ਜਨਮ ਹੋਇਆ : ਕਮਲੇਸ਼ ਕੁਮਾਰੀ ਬੋਧੀ



**ਬੰਗਾ ( ਚਰਨਜੀਤ ਸੱਲ੍ਹਾਂ )** ਭਾਰਤ ਦੇਸ ਦੀ ਪਹਿਲੀ ਮੁਸਲਿਮ ਕ੍ਰਾਂਤੀਕਾਰੀ ਕਰੁਣਾਮਈ ਅਧਿਆਪਿਕਾ, ਰਾਸ਼ਟਰਪਿਤਾ ਮਹਾਤਮਾ ਜਯੋਤੀ ਰਾਓ ਫੂਲੇ ਜੀ ਅਤੇ ਮਾਤਾ ਸਾਵਿਤਰੀ ਬਾਈ ਫੂਲੇ ਜੀ ਨੂੰ ਆਪਣੇ ਘਰ ਜਗਾ ਦੇਣ ਵਾਲੀ, ਉਨ੍ਹਾਂ ਨਾਲ ਰਲ ਕੇ ਆਪ ਪੜਾਈ ਕਰਕੇ ਅਤੇ ਸਕੂਲ ਖੋਲ ਕੇ ਮਹਿਲਾਵਾਂ ਅਤੇ ਬੱਚਿਆ ਨੂੰ ਪੜਾਉਣ ਵਾਲੀ ਮਾਤਾ ਫ਼ਾਤਿਮਾ ਸ਼ੇਖ ਜੀ ਦੇ ਜਨਮ ਦਿਵਸ 9 ਜਨਵਰੀ (1831) ਤੇ ਆਪ ਸਭ ਨੂੰ ਬਹੁਤ ਬਹੁਤ ਮੁਬਾਰਕਾਂ ਹੋਣ ਅਤੇ ਮਾਤਾ ਜੀ ਨੂੰ ਕੋਟਿ ਕੋਟਿ ਨਮਨ ਹੈ। ਜਨਵਰੀ ਦਾ ਮਹੀਨਾਂ ਬਹੁਜਨ ਸਮਾਜ ਲਈ ਉਤਸਾਹ ਪੈਦਾ ਕਰਦਾ ਹੈ, ਮਾਤਾ ਸਾਵਿਤਰੀ ਬਾਈ ਫੂਲੇ, ਮਾਤਾ ਫ਼ਾਤਿਮਾ ਸ਼ੇਖ, ਭੈਣਜੀ ਮਾਇਆਵਤੀ, ਭਧੰਤ ਅਨੰਦ ਕੋਸ਼ਲਿਆਨ ,ਬਾਬੂ ਮੰਗੂਵਾਲ ਮੁਗੁਵਾਲੀਆ, ਜੀ ਦੇ ਜਨਮ ਦਿਵਸ ਦਾ ਮਹੀਨਾ ਅਤੇ ਭਾਰਤ ਦੇਸ਼ ਨੂੰ ਸੰਵਿਧਾਨਿਕ 26 ਜਨਵਰੀ ਨੂੰ ਗਣਤੰਤਰ ਦਿਵਸ ਬਨਾਉਣ ਵਾਲਾ ਮਹੀਨਾ ਹੈ। ਮਾਤਾ ਸਾਵਿਤਰੀ ਬਾਈ ਫੂਲੇ ਜੀ ਅਤੇ ਮਾਤਾ ਫ਼ਾਤਿਮਾ ਸ਼ੇਖ ਜੀ ਦੇ ਜਨਮ ਦਿਨ ਤੇ ਏਕ ਵਾਰ ਫੇਰ ਕੋਟਿ ਕੋਟਿ ਨਮਨ ਹੈ।

ਜੈ ਭੀਮ ਜੈ ਜਯੋਤੀ।

ਕਮਲੇਸ਼ ਕੁਮਾਰੀ ਬੋਧੀ

## ਬਰਤਾਨੀਆ ਦੇ ਹਸਪਤਾਲਾਂ ਨੂੰ ਝੂਠੀਆਂ ਬੰਬ ਧਮਕੀਆਂ, ਦੇਂਣ ਵਾਲੇ ਨੌਜਵਾਨ ਨੂੰ ਹੋਈ ਜੇਲ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਬਰਤਾਨੀਆ ਦੇ ਹਸਪਤਾਲਾਂ ਅਤੇ ਧਾਰਮਿਕ ਥਾਵਾਂ ਨੂੰ ਫ਼ੋਨ ਕਰਕੇ ਝੂਠੀਆਂ ਬੰਬ ਧਮਕੀਆਂ ਦੇਣ ਦੇ ਮਾਮਲੇ ਵਿੱਚ ਅਮਰੀਕਾ ਦੇ ਨਿਊਯਾਰਕ ਸ਼ਹਿਰ ਵਿੱਚ ਰਹਿੰਦੇ ਇਕ ਨੌਜਵਾਨ ਨੂੰ ਅਦਾਲਤ ਵੱਲੋਂ ਇਕ ਸਾਲ ਕੈਦ ਦੀ ਸਜ਼ਾ ਸੁਣਾਈ ਗਈ ਹੈ। ਇਹ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਬਰਤਾਨੀਆ ਵਿੱਚ ਸੁਰੱਖਿਆ ਪ੍ਰਬੰਧਾਂ ਨੂੰ ਲੈ ਕੇ ਚਿੰਤਾ ਵਧ ਗਈ ਹੈ। ਖ਼ਬਰਾਂ ਮੁਤਾਬਕ 22 ਸਾਲਾ ਡੇਵਿਡ ਹਾਰਟ ਨੇ ਲੰਡਨ ਦੇ ਕਈ ਵੱਡੇ ਹਸਪਤਾਲਾਂ ਅਤੇ ਇਤਿਹਾਸਕ ਧਾਰਮਿਕ ਥਾਂ ਵੈਸਟਮਿਨਸਟਰ ਐਬੀ ਨੂੰ ਫ਼ੋਨ ਕਰਕੇ ਬੰਬ ਰੱਖੇ ਹੋਣ ਦੀਆਂ ਝੂਠੀਆਂ ਧਮਕੀਆਂ ਦਿੱਤੀਆਂ। ਇਨ੍ਹਾਂ ਫ਼ੋਨਾਂ ਕਾਰਨ ਹਸਪਤਾਲ ਪ੍ਰਸ਼ਾਸਨ ਅਤੇ ਸੁਰੱਖਿਆ ਏਜੰਸੀਆਂ ਵਿੱਚ ਹੜਕੰਪ ਮਚ ਗਿਆ।

ਮਰੀਜ਼ਾਂ, ਡਾਕਟਰਾਂ ਅਤੇ ਸਟਾਫ਼ ਨੂੰ ਕਈ ਵਾਰ ਇਮਾਰਤਾਂ ਤੋਂ ਬਾਹਰ ਕੱਢਣਾ ਪਿਆ ਅਤੇ ਐਮਰਜੈਂਸੀ ਸੇਵਾਵਾਂ ਨੂੰ ਬੇਵਜ੍ਹਾ ਦੌੜਧੂਪ ਕਰਨੀ ਪਈ। ਅਦਾਲਤ ਵਿੱਚ ਸੁਣਵਾਈ ਦੌਰਾਨ ਦੱਸਿਆ ਗਿਆ ਕਿ ਇਹ ਧਮਕੀਆਂ ਸੱਚੀਆਂ ਨਹੀਂ ਸਨ, ਪਰ ਇਨ੍ਹਾਂ ਨਾਲ ਸਰਕਾਰੀ ਅਦਾਰਿਆਂ ਦਾ ਕਾਫ਼ੀ ਸਮਾਂ ਅਤੇ ਪੈਸਾ ਬਰਬਾਦ ਹੋਇਆ। ਪੁਲਿਸ ਨੇ ਜਾਂਚ ਕਰਕੇ ਪਤਾ ਲਗਾਇਆ ਕਿ ਸਾਰੇ ਫ਼ੋਨ ਨਿਊਯਾਰਕ ਤੋਂ ਕੀਤੇ ਗਏ ਸਨ। ਜਾਂਚ ਮਗਰੋਂ ਅਮਰੀਕੀ ਅਧਿਕਾਰੀਆਂ ਨੇ ਡੇਵਿਡ ਹਾਰਟ ਨੂੰ ਗ੍ਰਿਫ਼ਤਾਰ ਕਰ ਲਿਆ। ਅਦਾਲਤ ਨੇ ਫ਼ੈਸਲਾ ਸੁਣਾਉਂਦਿਆਂ ਕਿਹਾ ਕਿ ਝੂਠੀਆਂ ਬੰਬ ਧਮਕੀਆਂ ਦੇ ਕੇ ਲੋਕਾਂ ਵਿੱਚ ਡਰ ਪੈਦਾ ਕਰਨਾ ਗੰਭੀਰ ਜੁਰਮ ਹੈ। ਜੱਜ ਨੇ ਕਿਹਾ ਕਿ ਅਜਿਹੇ ਕਿਰਦਾਰ ਨਾਲ ਨਾ ਸਿਰਫ਼ ਜਨਤਕ ਸੁਰੱਖਿਆ ਨੂੰ ਖ਼ਤਰਾ ਪੈਦਾ ਹੁੰਦਾ ਹੈ, ਸਗੋਂ ਐਮਰਜੈਂਸੀ ਸੇਵਾਵਾਂ ‘ਤੇ ਵੀ ਬੇਹੱਦ ਦਬਾਅ ਪੈਂਦਾ ਹੈ। ਇਸ ਕਰਕੇ ਦੋਸ਼ੀ ਨੂੰ ਇਕ ਸਾਲ ਕੈਦ ਦੀ ਸਜ਼ਾ ਦਿੱਤੀ ਗਈ ਹੈ। ਬਰਤਾਨੀਆ ਦੇ ਸੁਰੱਖਿਆ ਅਧਿਕਾਰੀਆਂ ਨੇ ਕਿਹਾ ਕਿ ਭਾਵੇਂ ਧਮਕੀਆਂ ਝੂਠੀਆਂ ਸਨ, ਪਰ ਹਰ ਐਸੀ ਕਾਲ ਨੂੰ ਗੰਭੀਰਤਾ ਨਾਲ ਲੈਣਾ ਲਾਜ਼ਮੀ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਹਸਪਤਾਲਾਂ ਵਰਗੀਆਂ ਸੰਵੇਦਨਸ਼ੀਲ ਥਾਵਾਂ ਨੂੰ ਨਿਸ਼ਾਨਾ ਬਣਾਉਣਾ ਬਹੁਤ ਹੀ ਗ਼ਲਤ ਅਤੇ ਖ਼ਤਰਨਾਕ ਹੈ।

ਇਸ ਮਾਮਲੇ ਤੋਂ ਬਾਅਦ ਬਰਤਾਨੀਆ ਵਿੱਚ ਲੋਕਾਂ ਨੇ ਮੰਗ ਕੀਤੀ ਹੈ ਕਿ ਝੂਠੀਆਂ ਧਮਕੀਆਂ ਦੇਣ ਵਾਲਿਆਂ ਖ਼ਿਲਾਫ਼ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ, ਤਾਂ ਜੋ ਭਵਿੱਖ ਵਿੱਚ ਕੋਈ ਵੀ ਵਿਅਕਤੀ ਅਜਿਹਾ ਕਰਨ ਦੀ ਹਿੰਮਤ ਨਾ ਕਰੇ। ਸਰਕਾਰ ਵੱਲੋਂ ਵੀ ਕਿਹਾ ਗਿਆ ਹੈ ਕਿ ਲੋਕਾਂ ਦੀ ਸੁਰੱਖਿਆ ਨਾਲ ਖਿਲਵਾੜ ਕਰਨ ਵਾਲਿਆਂ ਨੂੰ ਕਿਸੇ ਕੀਮਤ ‘ਤੇ ਬਖ਼ਸ਼ਿਆ ਨਹੀਂ ਜਾਵੇਗਾ।

## ਅਡਵਾਂਸ ਗਲੂਕੋਮਾ ਸਰਜਨ ਡਾ. ਸੰਦੀਪ ਸਿੰਘ ਦਿਉਲ ਯੂ. ਕੇ. ਵੱਲੋਂ ਅੱਖਾਂ ਅਪਰੇਸ਼ਨਾਂ ਦਾ ਸਮਾਨ ਅਤੇ ਆਧੁਨਿਕ ਮਸ਼ੀਨ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਨੂੰ ਭੇਟ

**ਬੰਗਾ (ਚਰਨਜੀਤ ਸੱਲ੍ਹਾਂ)** ਯੂ. ਕੇ. ਦੇ ਅਡਵਾਂਸ ਗਲੂਕੋਮਾ ਸਰਜਨ ਅਤੇ ਅੱਖਾਂ ਦੇ ਅਪਰੇਸ਼ਨਾਂ ਦੇ ਮਾਹਿਰ ਡਾ. ਸੰਦੀਪ ਸਿੰਘ ਦਿਉਲ ਐਫ.ਆਰ.ਸੀ. (ਔਪਥੈਲਮੋ), ਐਮ.ਐਸ.ਸੀ., ਪੀ. ਐਚ. ਡੀ. ਵੱਲੋਂ ਅੱਜ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਦੇ ਅੱਖਾਂ ਦੇ ਵਿਭਾਗ ਨੂੰ 17 ਲੱਖ ਰੁਪਏ ਕੀਮਤ ਦਾ ਅੱਖਾਂ ਦੇ ਅਪਰੇਸ਼ਨਾਂ ਦਾ ਵਿਸ਼ੇਸ਼ ਸਮਾਨ ਅਤੇ ਆਧੁਨਿਕ ਮਸ਼ੀਨ ਭੇਟ ਕੀਤੀ । ਇਸ ਮੌਕੇ ਹਸਪਤਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਦੇ ਪ੍ਰਧਾਨ ਸ. ਕੁਲਵਿੰਦਰ ਸਿੰਘ ਢਾਹਾਂ ਨੇ ਡਾ.ਸੰਦੀਪ ਸਿੰਘ ਦਿਉਲ ਦਾ ਅੱਜ ਢਾਹਾਂ ਕਲੇਰਾਂ ਵਿਖੇ ਪੁੱਜਣ 'ਤੇ ਨਿੱਘਾ ਸਵਾਗਤ ਕਰਦੇ ਹੋਏ ਹਸਪਤਾਲ ਦੇ ਅੱਖਾਂ ਦੇ ਵਿਭਾਗ ਲਈ ਕੀਮਤੀ ਅਪਰੇਸ਼ਨਾਂ ਦਾ ਸਮਾਨ ਅਤੇ ਆਧੁਨਿਕ ਮਸ਼ੀਨ ਦਾਨ ਕਰਨ ਲਈ ਧੰਨਵਾਦ ਕੀਤਾ । ਉਹਨਾਂ ਦੱਸਿਆ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਅੱਖਾਂ ਦੇ ਵਿਭਾਗ ਵਿਚ ਅੱਖਾਂ ਦੇ ਲੋੜਵੰਦ ਮਰੀਜ਼ਾਂ ਲਈ ਚਿੱਟਾ ਮੋਤੀਆ ਮੁਕਤ ਲਹਿਰ ਚਲਾਈ ਜਾ ਰਹੀ ਹੈ ਜਿਸ ਤਹਿਤ ਅੱਖਾਂ ਦੇ ਮਰੀਜ਼ਾਂ ਦੇ ਮੁਫਤ ਅਪਰੇਸ਼ਨ ਕਰਕੇ, ਮੁਫਤ ਲੈਨਜ਼ ਪਾਏ ਜਾਂਦੇ ਹਨ ਅਤੇ ਅਪਰੇਸ਼ਨ ਉਪਰੰਤ ਇੱਕ ਮਹੀਨੇ ਦੀ ਦਵਾਈ ਵੀ ਮੁਫਤ ਪ੍ਰਦਾਨ ਕੀਤੀ ਜਾਂਦੀ ਹੈ । ਉਹਨਾਂ ਨੇ ਡਾ. ਦਿਉਲ ਨੂੰ ਟਰੱਸਟ ਦੇ ਪ੍ਰਬੰਧ ਹੇਠਾਂ ਢਾਹਾਂ ਕਲੇਰਾਂ ਵਿਖੇ ਚੱਲ ਰਹੀਆਂ ਮੈਡੀਕਲ ਅਤੇ ਵਿਦਿਅਕ ਸੰਸਥਾਵਾਂ ਅਤੇ ਲੋਕ ਸੇਵਾ ਹਿੱਤ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਸੇਵਾ ਪ੍ਰਾਜੈਕਟਾਂ ਬਾਰੇ ਜਾਣਕਾਰੀ ਦਿੱਤੀ ।



**ਡਾ. ਸੰਦੀਪ ਸਿੰਘ ਦਿਉਲ ਅੱਖਾਂ ਦੇ ਵਿਭਾਗ ਲਈ ਸ. ਕੁਲਵਿੰਦਰ ਸਿੰਘ ਢਾਹਾਂ ਪ੍ਰਧਾਨ ਨੂੰ ਅੱਖਾਂ ਅਪਰੇਸ਼ਨਾਂ ਦਾ ਸਮਾਨ ਅਤੇ ਆਧੁਨਿਕ ਮਸ਼ੀਨ ਭੇਟ ਕਰਦੇ ਹੋਏ।**

ਡਾ. ਸੰਦੀਪ ਸਿੰਘ ਦਿਉਲ ਨੇ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵੱਲੋਂ ਲੋੜਵੰਦ ਲੋਕਾਂ ਨੂੰ ਵਧੀਆ ਮੈਡੀਕਲ ਸੇਵਾਵਾਂ ਦੇਣ ਦੇ ਨਾਲ ਨਾਲ ਅੱਖਾਂ ਦੇ ਮਰੀਜ਼ਾਂ ਲਈ ਚਲਾਈ ਜਾ ਰਹੀ ਚਿੱਟਾ ਮੋਤੀਆ ਮੁਕਤ ਲਹਿਰ ਤਹਿਤ ਦਿੱਤੀਆਂ ਜਾ ਰਹੀਆਂ ਮਿਆਰੀ ਮੁਫਤ ਮੈਡੀਕਲ ਸੇਵਾਵਾਂ ਦੀ ਭਾਰੀ ਸ਼ਲਾਘਾ ਕੀਤੀ ਅਤੇ ਹਸਪਤਾਲ ਨੂੰ ਭਵਿੱਖ ਵਿਚ ਆਧੁਨਿਕ ਯੰਤਰ ਅਤੇ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ । ਇਸ ਮੌਕੇ ਡਾ. ਸੰਦੀਪ ਸਿੰਘ ਦਿਉਲ ਦਾ ਸਨਮਾਨ ਕੀਤਾ ਗਿਆ । ਸਨਮਾਨ ਦੀ ਰਸਮ ਮੌਕੇ ਸ. ਹਰਬੰਤ ਸਿੰਘ ਸਾਬਕਾ ਚੇਅਰਮੈਨ ਮਾਰਕੀਟ ਕਮੇਟੀ ਬੰਗਾ., ਸ ਸਤਵੰਤ ਸਿੰਘ ਸ਼ੇਰਗਿੱਲ ਯੂ ਕੇ, ਸ. ਮਹਿੰਦਰਪਾਲ ਸਿੰਘ ਦਫਤਰ ਸੁਪਰਡੈਂਟ, ਮੈਡਮ ਦਲਜੀਤ ਕੌਰ ਅਪਟਰੋਮੀਟੀਰਸ ਵੀ ਹਾਜ਼ਰ ਸਨ । ਵਰਨਣਯੋਗ ਹੈ ਕਿ ਡਾ. ਸੰਦੀਪ ਸਿੰਘ ਦਿਉਲ ਨੇ ਆਕਸਫੋਰਡ, ਇੰਗਲੈਂਡ ਅਤੇ ਅਮਰੀਕਾ ਤੋਂ ਡਾਕਟਰੀ ਦੀ ਉੱਚ ਡਿਗਰੀ ਕਰਨ ਉਪਰੰਤ ਨੌਰਥੈਂਪਟਨਸ਼ਾਇਰ ਯੂ.ਕੇ ਵਿਖੇ ਅਡਵਾਂਸ ਗਲੂਕੋਮਾ (ਕਾਲਾ ਮੋਤੀਆ) ਅਤੇ ਕੈਟਾਰੈਕਟ (ਚਿੱਟਾ ਮੋਤੀਆ) ਸਰਜਨ ਦੀਆਂ ਸ਼ਾਨਦਾਰ ਸੇਵਾਵਾਂ ਨਿਭਾ ਰਹੇ ਹਨ ।

## ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਉਤਸਵ ਸਬੰਧੀ ਪ੍ਰੋਗਰਾਮ ਉਲੀਕੇ

**ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਯੁੱਗ ਪਲਟਾਊ ਰਹਿਬਰ, ਸਾਹਿਬ-ਏ-ਕਮਾਲ ਸ਼੍ਰੋਮਣੀ ਸ਼੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦਾ 649ਵਾਂ ਪ੍ਰਕਾਸ਼ ਉਤਸਵ ਗੁਰਦੁਆਰਾ ਸੱਚ ਖੰਡ ਸਾਹਿਬ ਮੁਹੱਲਾ ਸਰਾਫਾਂ ਰਾਹੋਂ ਵਿਖੇ ਪ੍ਰਬੰਧਕ ਕਮੇਟੀ ਵੱਲੋਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਪੂਰਨ ਸ਼ਰਧਾ ਅਤੇ ਸ਼ਾਨੋ ਸ਼ੌਕਤ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਤਿਆਰੀਆਂ ਲਈ ਸੰਗਤਾਂ ਦਿਨ ਰਾਤ ਇੱਕ ਕਰ ਰਹੀਆਂ ਹਨ। ਬੀਤੇ ਦਿਨੀਂ ਪ੍ਰਬੰਧਕ ਕਮੇਟੀ ਵੱਲੋਂ ਸ਼ਹਿਰ ਦੀਆਂ ਸਮੁੱਚੀਆਂ ਗੁਰਦੁਆਰਾ ਪ੍ਰਬੰਧਕ ਕਮੇਟੀਆਂ ਨਾਲ ਕੀਤੀ ਗਈ ਭਰਵੀਂ ਮੀਟਿੰਗ ਦੌਰਾਨ ਉਲੀਕੇ ਗਏ ਪ੍ਰੋਗਰਾਮ ਅਨੁਸਾਰ ਸਕੱਤਰ ਦਰਸ਼ਨ ਮਾਹੀ ਜੀ ਨੇ ਦੱਸਿਆ ਕੀ ਪ੍ਰਭਾਤ ਫੇਰੀਆਂ 17 ਜਨਵਰੀ ਤੋਂ ਆਰੰਭ ਹੋਣਗੀਆ। 30 ਜਨਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਹੋਣਗੇ ਅਤੇ ਮਿਤੀ 31 ਜਨਵਰੀ ਨੂੰ ਸਵੇਰ 11 ਵਜੇ ਗੁਰਦੁਆਰਾ ਸੱਚ ਖੰਡ ਸਾਹਿਬ ਤੋਂ ਵਿਸ਼ਾਲ ਨਗਰ ਕੀਰਤਨ ਸਜਾਇਆ ਜਾਵੇਗਾ ਸੋ ਕਿ ਵੱਖ ਵੱਖ ਪੜਾਵਾਂ ਵਿੱਚੋਂ ਹੁੰਦਾ ਹੋਇਆ ਸ਼ਾਮ ਸਮੇਂ ਗੁਰਦੁਆਰਾ ਸਾਹਿਬ ਵਿਖੇ ਸੰਪਨ



ਹੋਵੇਗਾ। ਨਗਰ ਕੀਰਤਨ ਦੌਰਾਨ ਭਾਈ ਪਰਮਜੀਤ ਸਿੰਘ ਖਾਲਸਾ ਰਾਹੋਂ ਵਾਲੇ ਆਪਣੇ ਜੱਥੇ ਸਮੇਤ ਗੁਰੂ ਮਹਿਮਾ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਮਿਤੀ 01 ਫ਼ਰਵਰੀ ਨੂੰ ਸ਼੍ਰੀ ਆਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣ ਉਪਰੰਤ ਉੱਘੇ ਫ਼ਨਕਾਰ ਵਿਜੇ ਹੰਸ ਐਂਡ ਪਾਰਟੀ ਧਾਰਮਿਕ ਪ੍ਰੋਗ੍ਰਾਮ ਰਾਹੀਂ ਸੰਗਤਾਂ ਦੇ ਰੂਬਰੂ ਹੋਣਗੇ ਅਤੇ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਇਸ ਦਿਨ ਰਾਤਰੀ ਦਿਵਾਨ ਸਮੇਂ ਬਾਬਾ ਰਣਜੀਤ ਸਿੰਘ ਜੀ ਤੇ ਬਾਬਾ ਬਲਰਾਮ ਸਿੰਘ ਜੀ ਭਵਾਨੀ ਪੁਰ ਵਾਲੇ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਜੋੜਨਗੇ। ਇਸ ਮੀਟਿੰਗ ਵਿੱਚ ਪ੍ਰਧਾਨ ਬਲਵੀਰ ਚੰਦ ਸਰੋਆ, ਸੱਤਪਾਲ ਸਰੋਆ, ਅਜੀਤ ਰਾਏ ਮਾਹੀ, ਸਕੱਤਰ ਦਰਸ਼ਨ ਮਾਹੀ, ਸੁਰਿੰਦਰ ਕੁਮਾਰ, ਕਸਤੂਰੀ ਲਾਲ, ਖਜ਼ਾਨਚੀ ਕਾਂਸ਼ੀ ਲਾਲ, ਜਸਵੀਰ ਸਰੋਆ ਵਿੱਕੀ, ਰਜਿੰਦਰ ਕੁਮਾਰ ਨਰ, ਮੈਂਬਰ ਸੁਭਾਸ਼ ਚੰਦਰ ਨਰ, ਸੱਤਪਾਲ ਰਾਏ, ਵਿਜੇ ਕੁਮਾਰ, ਰਾਮ ਸਰੂਪ, ਅਸ਼ੋਕ ਮਾਹੀ, ਬਲਦੇਵ ਭਾਰਤੀ, ਗੁਰਦਿਆਲ ਮਾਹੀ, ਬਲਦੇਵ ਮਾਹੀ, ਕਾਲਾ ਰਾਮ ਦੁੱਗਲ, ਨੌਜਵਾਨ ਸਭਾ ਦੇ ਮੈਂਬਰ ਲੱਖਵਿੰਦਰ ਸਰੋਆ, ਰਾਮ ਪਾਲ, ਡਾ ਰਾਜ ਕੁਮਾਰ, ਸੁਨੀਲ ਕੁਮਾਰ, ਹਰਜਿੰਦਰ ਬੱਲ, ਹੀਰਾ ਬੱਲ, ਸੰਨੀ ਦੁੱਗਲ, ਮਿੰਟੂ ਦੁੱਗਲ, ਹਰਸ਼ਦੀਪ ਉਆਣ, ਸੋਨਾ ਮਾਹੀ, ਕਰਨ ਮਾਹੀ, ਕਰਨ ਸਰੋਆ, ਅੰਸ਼ੂ ਸੰਧੂ, ਸੰਦੀਪ ਬੱਧਣ, ਵਿੱਕੀ ਨਰ, ਰਵੀ ਨਰ, ਰਾਜੇਸ਼ ਗੋਹਲੀ, ਜਸਕਰਨ ਰਾਜੂ, ਮਨਦੀਪ ਰਾਜੂ, ਸ਼ਤੀਸ਼ ਕੁਮਾਰ, ਰਮਨ ਕੁਮਾਰ, ਦਿਨੇਸ਼ ਨਰ, ਸੁੱਖਵਿੰਦਰ ਰਾਏ, ਸੁੱਖਦੇਵ ਰਾਏ ਅਤੇ ਸੇਠੀ ਸਿੱਧੂ ਆਦਿ ਵਿਸ਼ੇਸ਼ ਤੌਰ ਤੇ ਮੌਜੂਦ ਸਨ।

# ਦੁਰਘਟਨਾਵਾਂ 'ਤੇ ਰੋਕ ਲਗਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਸਖ਼ਤ - ਆਰ.ਟੀ.ਓ ਅਮਨਦੀਪ ਕੌਰ

## ਰਿਫਲੈਕਟਰ ਲਗਾ ਕੇ ਵਾਹਨ ਚਾਲਕਾਂ ਨੂੰ ਕੀਤਾ ਗਿਆ ਜਾਗਰੂਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀਆਂ ਹਦਾਇਤਾਂ 'ਤੇ ਅੱਜ ਜ਼ਿਲ੍ਹਾ ਸੜਕ ਸੁਰੱਖਿਆ ਕਮੇਟੀ ਦੀ ਪ੍ਰਧਾਨਗੀ ਹੇਠ ਇੱਕ ਮਹੱਤਵਪੂਰਨ ਮੀਟਿੰਗ ਹੋਈ। ਇਸ ਮੀਟਿੰਗ ਵਿੱਚ ਆਰ.ਟੀ.ਓ ਅਮਨਦੀਪ ਕੌਰ ਵੱਲੋਂ ਸਾਰੇ ਸਬੰਧਤ ਵਿਭਾਗਾਂ ਨੂੰ ਰਾਸ਼ਟਰੀ ਸੜਕ ਸੁਰੱਖਿਆ ਮਹੀਨਾ 2026 ਨੂੰ ਪ੍ਰਭਾਵਸ਼ਾਲੀ ਢੰਗ ਨਾਲ ਮਨਾਉਣ ਲਈ ਸਪੱਸ਼ਟ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਗਏ। ਇਸ ਦੌਰਾਨ ਐਸਡੀਐਮ ਹੁਸ਼ਿਆਰਪੁਰ ਗੁਰਸਿਮਰਨਜੀਤ ਕੌਰ ਵੀ ਉਨ੍ਹਾਂ ਨਾਲ ਮੌਜੂਦ ਸਨ। ਖੇਤਰੀ ਟਰਾਂਸਪੋਰਟ ਅਫ਼ਸਰ (ਆਰ.ਟੀ.ਓ.) ਅਮਨਦੀਪ ਕੌਰ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਰਾਸ਼ਟਰੀ ਸੜਕ ਸੁਰੱਖਿਆ ਮਹੀਨੇ ਦੌਰਾਨ ਸੜਕ ਹਾਦਸਿਆਂ ਨੂੰ ਘਟਾਉਣ, ਆਮ ਲੋਕਾਂ ਵਿੱਚ ਟ੍ਰੈਫਿਕ ਨਿਯਮਾਂ ਪ੍ਰਤੀ ਜਾਗਰੂਕਤਾ ਵਧਾਉਣ ਅਤੇ ਸੁਰੱਖਿਅਤ ਡਰਾਈਵਿੰਗ ਨੂੰ ਉਤਸ਼ਾਹਿਤ ਕਰਨ ਲਈ ਵੱਖ-ਵੱਖ ਗਤੀਵਿਧੀਆਂ ਦਾ ਆਯੋਜਨ ਕੀਤਾ ਜਾਵੇਗਾ।



ਉਨ੍ਹਾਂ ਕਿਹਾ ਕਿ ਸਾਰੇ ਵਿਭਾਗਾਂ ਨੂੰ ਇੱਕ ਦੂਜੇ ਨਾਲ ਤਾਲਮੇਲ ਕਰਕੇ ਕੰਮ ਕਰਨਾ ਚਾਹੀਦਾ ਹੈ ਤਾਂ ਜੋ ਇਸ ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਸਫਲ ਬਣਾਇਆ ਜਾ ਸਕੇ। ਆਰ.ਟੀ.ਓ ਅਮਨਦੀਪ ਕੌਰ ਨੇ ਦੱਸਿਆ ਕਿ ਮੀਟਿੰਗ ਦੌਰਾਨ ਸਿੱਖਿਆ ਵਿਭਾਗ, ਪੁਲਿਸ ਵਿਭਾਗ, ਸਿਹਤ ਵਿਭਾਗ, ਨਗਰ ਨਿਗਮ ਅਤੇ ਹੋਰ ਸਬੰਧਤ ਵਿਭਾਗਾਂ ਨੂੰ ਸਕੂਲਾਂ, ਕਾਲਜਾਂ, ਉਦਯੋਗਿਕ ਇਕਾਈਆਂ ਅਤੇ ਜਨਤਕ ਥਾਵਾਂ 'ਤੇ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕਰਨ ਦੇ ਨਿਰਦੇਸ਼ ਦਿੱਤੇ ਗਏ। ਇਸ ਦੇ ਨਾਲ ਹੀ ਸੜਕੀ ਚਿੰਨ੍ਹਾਂ, ਜ਼ੈਬਰਾ ਕਰਾਸਿੰਗਾਂ, ਸਪੀਡ ਬ੍ਰੇਕਰਾਂ ਅਤੇ ਟ੍ਰੈਫਿਕ ਸਿਗਨਲਾਂ ਦੀ ਸਥਿਤੀ ਦੀ ਸਮੀਖਿਆ ਕਰਨ ਅਤੇ ਲੋੜੀਂਦੇ ਸੁਧਾਰ ਕਰਨ 'ਤੇ ਵੀ ਜ਼ੋਰ ਦਿੱਤਾ ਗਿਆ। ਉਨ੍ਹਾਂ ਕਿਹਾ ਕਿ ਧੁੰਦ ਅਤੇ ਰਾਤ ਦੇ ਸਮੇਂ ਦ੍ਰਿਸ਼ਟੀ ਨੂੰ ਬਿਹਤਰ ਬਣਾਉਣ, ਹਾਦਸਿਆਂ ਦੇ ਜੋਖਮ ਨੂੰ ਘਟਾਉਣ ਲਈ ਇੱਕ ਵਿਸ਼ੇਸ਼ ਮੁਹਿੰਮ ਦੇ ਹਿੱਸੇ ਵਜੋਂ ਅੱਜ ਵਾਹਨਾਂ 'ਤੇ ਰਿਫਲੈਕਟਰ ਲਗਾਏ ਗਏ ਹਨ। ਆਰਟੀਓ ਨੇ ਡਰਾਈਵਰਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਵਾਹਨਾਂ 'ਤੇ ਰਿਫਲੈਕਟਰ ਲਗਾਉਣ, ਹੈਲਮੇਟ ਅਤੇ ਸੀਟ ਬੈਲਟ ਪਹਿਨਣ ਅਤੇ ਟ੍ਰੈਫਿਕ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨ।

# ਹੁਸ਼ਿਆਰਪੁਰ ਜ਼ਿਲ੍ਹੇ ਅੰਦਰ 1035 ਕਿਲੋਮੀਟਰ ਸੜਕਾਂ ਦੇ ਨਿਰਮਾਣ 'ਤੇ 400 ਕਰੋੜ ਖ਼ਰਚ ਕਰੇਗੀ ਪੰਜਾਬ ਸਰਕਾਰ - ਡਾ.ਰਾਜ ਕੁਮਾਰ ਚੱਬੇਵਾਲ

## ਨਿਰਮਾਣ ਉਪਰੰਤ 5 ਸਾਲਾਂ ਤੱਕ ਸੜਕ ਦੀ ਜ਼ਿੰਮੇਵਾਰੀ ਬਣਾਉਣ ਵਾਲੀ ਕੰਪਨੀ ਦੀ ਹੋਵੇਗੀ

**ਮਾਹਿਲਪੁਰ (ਸਤਨਾਮ ਸਿੰਘ ਸਹੂੰਗੜਾ)** ਲੋਕ ਸਭਾ ਹਲਕਾ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਡਾ. ਰਾਜ ਕੁਮਾਰ ਚੱਬੇਵਾਲ ਨੇ ਜ਼ਿਲ੍ਹਾ ਵਾਸੀਆਂ ਲਈ ਵੱਡੀ ਖੁਸ਼ਖਬਰੀ ਸੁਣਾਉਂਦੇ ਹੋਏ ਦੱਸਿਆ ਕਿ ਜਲਦ ਹੀ ਜ਼ਿਲ੍ਹੇ ਦੇ ਵੱਖ-ਵੱਖ ਵਿਧਾਨ ਸਭਾ ਹਲਕਿਆਂ ਅੰਦਰ 1035 ਕਿਲੋਮੀਟਰ ਲੰਬੀਆਂ ਸੜਕਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ ਅਤੇ ਇਸ ਸਬੰਧੀ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ 400 ਕਰੋੜ ਰੁਪਏ ਖ਼ਰਚ ਕੀਤੇ ਜਾਣ ਨੂੰ ਪ੍ਰਵਾਨਗੀ ਦਿੱਤੀ ਗਈ ਹੈ। ਡਾ. ਚੱਬੇਵਾਲ ਨੇ ਅੱਗੇ ਦੱਸਿਆ ਕਿ ਪੀ.ਡਬਲਿਊ.ਡੀ ਰਾਹੀਂ 344 ਕਰੋੜ ਨਾਲ 975 ਕਿਲੋਮੀਟਰ ਸੜਕਾਂ ਬਣਾਈਆਂ ਜਾਣਗੀਆਂ। ਇਸੇ ਤਰ੍ਹਾਂ ਪੰਜਾਬ ਮੰਡੀ ਬੋਰਡ ਵੱਲੋਂ 60.35 ਕਰੋੜ ਖ਼ਰਚ ਕਰਕੇ ਜ਼ਿਲ੍ਹੇ ਵਿੱਚ 74 ਕਿਲੋਮੀਟਰ ਸੜਕਾਂ ਦਾ ਨਿਰਮਾਣ ਕੀਤਾ ਜਾਵੇਗਾ। ਡਾ. ਚੱਬੇਵਾਲ ਨੇ ਦੱਸਿਆ ਕਿ ਜ਼ਰੂਰਤ ਮੁਤਾਬਿਕ ਜਿੱਥੇ



ਨਵੀਆਂ ਸੜਕਾਂ ਦਾ ਨਿਰਮਾਣ ਹੋਵੇਗਾ, ਉੱਥੇ ਹੀ ਕੰਕਰੀਟ ਦੀਆਂ ਸੜਕਾਂ ਵੀ ਬਣਾਈਆਂ ਜਾਣਗੀਆਂ ਅਤੇ ਨਾਲ ਹੀ ਕਈ ਸੜਕਾਂ ਨੂੰ 18 ਫੁੱਟ ਚੌੜਾ ਕਰਕੇ ਨਵੀਂ ਦਿੱਖ ਪ੍ਰਦਾਨ ਕੀਤੀ ਜਾਵੇਗੀ ਅਤੇ ਕਈ ਥਾਵਾਂ 'ਤੇ ਲੋਕਾਂ ਦੀ ਲੋੜ ਦੇ ਅਨੁਸਾਰ ਨਵੀਆਂ ਸੜਕਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ, ਉਨ੍ਹਾਂ ਦੱਸਿਆ ਕਿ ਸੜਕਾਂ ਦੇ ਇਸ ਨੈੱਟਵਰਕ ਦਾ ਕਾਰਜ 31 ਮਾਰਚ 2026 ਤੱਕ ਮੁਕੰਮਲ ਕਰ ਦਿੱਤਾ ਜਾਵੇਗਾ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ ਵਿਕਾਸ ਦੇ ਇਸ ਵੱਡੇ ਕਾਰਜ ਵਿੱਚ ਕਿਸੇ ਵੀ ਤਰ੍ਹਾਂ ਦੀ ਊਣਤਾਈ ਨਹੀਂ ਰਹਿਣ ਦਿੱਤੀ ਜਾਵੇਗੀ। ਇਸ ਲਈ ਜਿਹੜੀ ਵੀ ਕੰਪਨੀ ਜਿਸ ਵੀ ਸੜਕ ਦਾ ਨਿਰਮਾਣ ਕਰੇਗੀ, ਉਹ ਹੀ ਆਉਣ ਵਾਲੇ 5 ਸਾਲਾਂ ਤੱਕ ਉਸ ਸੜਕ ਦੀ ਰਿਪੇਅਰ ਲਈ ਜ਼ਿੰਮੇਵਾਰ ਵੀ ਹੋਵੇਗੀ। ਡਾ. ਰਾਜ ਕੁਮਾਰ ਚੱਬੇਵਾਲ ਨੇ ਕਿਹਾ ਕਿ 975 ਕਿਲੋਮੀਟਰ ਦੇ ਇਸ ਸੜਕੀ ਨੈਟਵਰਕ ਨਾਲ ਜਿੱਥੇ ਆਵਾਜਾਈ ਸੁਚੱਜੇ ਢੰਗ ਨਾਲ ਚੱਲੇਗੀ, ਉੱਥੇ ਹੀ ਦੁਰਘਟਨਾਵਾਂ ਦਾ ਗ੍ਰਾਫ ਵੀ ਹੇਠਾਂ ਆਵੇਗਾ, ਲੋਕਾਂ ਲਈ ਇੱਕ ਥਾਂ ਤੋਂ ਦੂਜੀ ਥਾਂ ਤੱਕ ਪੁੱਜਣਾ ਆਸਾਨ ਹੋ ਜਾਵੇਗਾ, ਇਸੇ ਤਰ੍ਹਾਂ ਵਪਾਰ ਵੀ ਪ੍ਰਫੁੱਲਿਤ ਹੋਵੇਗਾ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬਾ ਲਗਾਤਾਰ ਵਿਕਾਸ ਦੇ ਰਸਤੇ 'ਤੇ ਤੇਜ਼ ਗਤੀ ਨਾਲ ਚੱਲ ਰਿਹਾ ਹੈ ਅਤੇ ਇਸ ਪੂਰੇ ਸਾਲ ਦੌਰਾਨ ਵਿਕਾਸ ਦੇ ਉਹ ਵੱਡੇ ਪ੍ਰੋਜੈਕਟ ਸਰਕਾਰ ਪੂਰੇ ਕਰਨ ਜਾ ਰਹੀ ਹੈ, ਜਿਸ ਬਾਰੇ ਵਿਰੋਧੀ ਪਾਰਟੀਆਂ ਦੀ ਸੋਚ ਵੀ ਨਹੀਂ ਹੈ।

# ਅਮਰਜੀਤ ਕਾਉਂਕੇ, ਸੱਤਪਾਲ ਭੀਖੀ ਅਤੇ ਚਿੱਟਾ ਸਿੱਧੂ ਦਾ ਦੇਸ਼ ਭਗਤ ਹਾਲ ਵੱਲੋਂ ਸਨਮਾਨ

**ਜਲੰਧਰ (ਸਤਨਾਮ ਸਿੰਘ ਸਹੂੰਗੜਾ)** ਸਾਹਿਤਕ ਖੇਤਰ ਦੀ ਮਕਬੂਲ ਪੱਤ੍ਰਿਕਾ ਪ੍ਰਤੀਮਾਨ ਦੇ ਸੰਪਾਦਕ, ਪੰਜਾਬੀ ਕਾਵਿ ਜਗਤ ਦੇ ਬੇਹੱਦ ਸੰਵੇਦਨਸ਼ੀਲ ਸ਼ਾਇਰ , ਨਿਰਵਾਣ ਦੀ ਤਲਾਸ਼ 'ਚ, ਦਵੰਦ ਕਥਾ , ਯਕੀਨ, ਸ਼ਬਦ ਰਹਿਣਗੇ ਕੋਲ, ਸਿਮਰਤੀਆਂ ਦੀ ਲਾਲਟੈਨ ਅਤੇ ਪਿਆਸ ਉਪਰੰਤ ਅੱਜ ਕੱਲ੍ਹ ਜਿਨ੍ਹਾਂ ਦੀ ਨਵੀਂ ਕਾਵਿ- ਪੁਸਤਕ 'ਇਸ ਧਰਤੀ ਤੇ ਰਹਿੰਦਿਆਂ' ਚਰਚਾ ਵਿੱਚ ਹੈ ਉਹ ਅਤੇ ਦੇਸ਼ ਭਗਤ ਯਾਦਗਾਰ ਹਾਲ ਪਰਿਵਾਰ ਨਾਲ ਦਹਾਕਿਆਂ ਤੋਂ ਜੁੜੇ ਮਿੱਟੀ ਨਾਲ ਜੁੜੇ, ਤਾਸਮਾਨ ਦੇ ਸੰਪਾਦਕ ਜਿਨ੍ਹਾਂ ਦੀ ਗ਼ਦਰੀ ਬਾਬਿਆਂ ਦੇ ਮੇਲੇ ਤੇ ਲੋਕ ਅਰਪਣ ਹੋਈ ਬਹੁ ਚਰਚਿਤ ਕਾਵਿ ਪੁਸਤਕ ,'ਕਵਿਤਾ ਕੀ ਤੇਰੀ ਕੀ ਮੇਰੀ ਦੇ' ਜਾਣੇ ਪਹਿਚਾਣੇ ਕਵੀ ਸੱਤਪਾਲ ਭੀਖੀ ਅਤੇ ਵਾਰਤਾਕਾਰ ਚਿੱਟਾ ਸਿੱਧੂ ਦਾ ਅੱਜ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸਨਮਾਨ ਕੀਤਾ ਗਿਆ। ਇਸ ਮੌਕੇ ਅਮਰਜੀਤ ਕੌਂਕੇ ਨੇ ਆਪਣੀ ਨਵ ਸਿਰਜੀ ਕਵਿਤਾ ਵੀ ਸਾਂਝੀ ਕੀਤੀ। ਇਸ ਮਿਲਣੀ ਦੇ ਸਬੱਬ ਨਾਲ ਸਾਹਿਤ , ਕਲਾ, ਸਮਾਜ, ਪ੍ਰਵਾਸ ਸੋਸ਼ਲ ਮੀਡੀਆ ਅਤੇ ਸਥਾਪਤੀ



ਦੀਆਂ ਨਵੀਆਂ ਜਾਦੂਗਰੀਆਂ ਦੇ ਦੌਰ ਵਿੱਚ ਵੀ ਲੋਕ ਸਰੋਕਾਰਾਂ ਦੀ ਧੜਕਣ ਨਾਲ ਜੁੜੇ ਸਾਹਿਤ ਦੀ ਮਾਣਮੱਤੀ ਭੂਮਿਕਾ ਬਾਰੇ ਵੀ ਵਿਚਾਰਾਂ ਹੋਈਆਂ। ਇਹਨਾਂ ਤਿੰਨਾਂ ਕਲਮਕਾਰਾਂ ਨੇ ਦੇਸ਼ ਭਗਤ ਯਾਦਗਾਰ ਹਾਲ ਵੱਲੋਂ ਇਤਿਹਾਸ,ਸਾਹਿਤ ਅਤੇ ਸੱਭਿਆਚਾਰ ਦੇ ਖੇਤਰ ਵਿਚ ਇੱਕ ਦੇਸ਼ ਭਗਤ ਮਰਕਜ਼ ਵਜੋਂ ਅਤੇ ਸਾਹਿਤਕਾਰਾਂ ਦੀ ਮਿਲਣੀ ਦੇ ਆਪਣੇ ਸਾਂਝੇ ਵਿਹੜੇ ਵਜੋਂ ਨਿਭਾਈ ਜਾ ਰਹੀ ਗੌਰਵਸ਼ਾਲੀ ਭੂਮਿਕਾ ਉਪਰ ਨਾਜ਼ ਦਾ ਇਜ਼ਹਾਰ ਕੀਤਾ।ਇਸ ਮੌਕੇ ਦੇਸ਼ ਭਗਤ ਯਾਦਗਾਰ ਕਮੇਟੀ ਦੇ ਜਨਰਲ ਸਕੱਤਰ ਗੁਰਮੀਤ ਸਿੰਘ,ਵਿੱਤ ਸਕੱਤਰ ਸੀਤਲ ਸਿੰਘ ਸੰਘਾ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਅਤੇ ਸੀਨੀਅਰ ਟ੍ਰਸਟੀ ਸੁਰਿੰਦਰ ਕੁਮਾਰੀ ਕੋਛੜ ਨੇ ਅਮਰਜੀਤ ਕਉਕੇ, ਸੱਤਪਾਲ ਭੀਖੀ ਅਤੇ ਵਾਰਤਾਕਾਰ ਚਿੱਟਾ ਸਿੱਧੂ ਦਾ ਪੁਸਤਕਾਂ ਦੇ ਸੈੱਟ ਭੇਂਟ ਕਰਕੇ ਸਨਮਾਨ ਕੀਤਾ ਅਤੇ ਦੇਸ਼ ਭਗਤ ਯਾਦਗਾਰ ਹਾਲ ਨਾਲ ਸਦਾ ਜੁੜਕੇ ਰਹਿਣ ਦੀ ਅਪੀਲ ਕੀਤੀ। ਉਹਨਾਂ ਕਿਹਾ ਕਿ ਸਾਡੀਆਂ ਸੇਵਾਵਾਂ ਦੇਸ਼ ਭਗਤ ਯਾਦਗਾਰ ਹਾਲ ਵਿਹੜੇ ਸਿਹਤਮੰਦ,ਅਮੀਰ, ਲੋਕ ਪੱਖੀ ਸਾਹਿਤ ਦੇ ਫੁੱਲ ਖਿੜਦੇ ਰਹਿਣ ਲਈ ਆਪਣੀਆਂ ਸੇਵਾਵਾਂ ਭੇਂਟ ਕਰਦੇ ਰਹਿਣ ਦੀ ਖੁਸ਼ੀ ਦਾ ਪ੍ਰਗਟਾਵਾ ਕੀਤਾ।

for more news visit:
www.samajweekly.com

# ਸ੍ਰੀ ਖੁਰਾਲਗੜ ਸਾਹਿਬ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਵਿੱਤਰ ਅਸਥਾਨਾਂ ਨੂੰ ਸੁੰਦਰ ਬਣਾਉਣ ਦੇ ਕਾਰਜ ਆਰੰਭ

**ਹੁਸ਼ਿਆਰਪੁਰ (ਤਰਸੇਮ ਦੀਵਾਨਾ )** - ਸ੍ਰੀ ਗੁਰੂ ਰਵਿਦ-ਾਸ ਬੇਗਮਪੁਰਾ ਸਦਨ ਸ੍ਰੀ ਖੁਰਾਲਗੜ ਸਾਹਿਬ ਵਿਖੇ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਚਰਨਛੋਹ ਪਵਿੱਤਰ ਅਸਥਾਨਾਂ ਦੇ ਸੁੰਦਰੀਕਰਨ ਅਤੇ ਨਵ ਉਸਾਰੀ ਕਾਰਜ ਗੁਰੂ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਵਲੌਂ ਬਹੁਤ ਸ਼ਰਧਾ ਪੂਰਵਕ ਆਰੰਭ ਕੀਤੇ ਗਏ। ਇਸ ਮੌਕੇ ਸੰਤ ਸਰਵਣ ਦਾਸ ਸਲੇਮਟਾਵਰੀ ਵਲੌਂ ਕਾਰਜਾਂ ਦੀ ਚੜਦੀਕਲਾ 'ਚ ਸੰਪੂਰਨਤਾ ਲਈ ਅਰਦਾਸ ਕੀਤੀ ਗਈ। ਇਸ ਮੌਕੇ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਸੰਤ ਨਿਰਮਲ ਦਾਸ ਬਾਬੇਜੌੜੇ, ਸੰਤ ਇੰਦਰ ਦਾਸ ਸੇਖੈ ਜਨਰਲ ਸਕੱਤਰ ਨੇ ਦੱਸਿਆ ਕਿ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਸੁੰਦਰ ਅਸਥਾਨ ਸਜਾਏ ਜਾ ਰਹੇ ਹਨ ਤਾਂ ਕਿ ਇਥੇ ਆਉਣ ਵਾਲੀਆਂ ਦੇਸ਼ ਵਿਦੇਸ਼ ਦੀਆਂ ਸੰਗਤਾਂ ਦਰਸ਼ਨ ਦੀਦਾਰੇ ਕਰਕੇ ਖੁਸ਼ੀਆਂ ਪ੍ਰਾਪਤ



ਕਰ ਸਕਣ। ਉਨਾਂ ਦੱਸਿਆ ਕਿ ਸੰਤ ਸਰਵਣ ਦਾਸ ਬੋਹਣ ਚੇਅਰਮੈਨ ਜੀ ਦੀ ਅਗਵਾਈ ਵਿਚ ਸੁਸਾਇਟੀ ਦੇ ਸਮੂਹ ਸੰਤਾਂ, ਮਹਾਂਪੁਰਸ਼ਾਂ ਵਲੌਂ ਇਹ ਮਹਾਨ ਕਾਰ ਸੇਵਾ ਆਰੰਭ ਕੀਤੀ ਗਈ ਹੈ,ਇਥੇ ਜਲਦ ਹੀ ਸਕੂਲ, ਹਸਪਤਾਲ, ਯੂਨੀਵਰਸਿਟੀ ਵਰਗੇ ਵੱਡੇ ਪ੍ਰੌਜੈਕਟ ਸਥਾਪਿਤ ਕੀਤੇ ਜਾਣਗੇ। ਇਸ ਮੌਕੇ ਸੰਤ ਪਰਮਜੀਤ ਦਾਸ ਨਗਰ,ਸੰਤ ਸਰਵਣ ਦਾਸ ਸਲੇਮਟਾਵਰੀ,ਸੰਤ ਸਤਵਿੰਦਰ ਹੀਰਾ ਕੌਮੀ ਪ੍ਰਧਾਨ ਆਲ ਇੰਡੀਆ ਆਦਿ ਧਰਮ ਮਿਸ਼ਨ, ਸੰਤ ਧਰਮਪਾਲ ਸ਼ੇਰਗੜ,ਭੈਣ ਸੰਤੋਸ਼ ਕੁਮਾਰੀ ਬਿਲਡਿੰਗ ਇੰਚਾਰਜ,ਬਾਬਾ ਬਲਕਾਰ ਸਿੰਘ ਵਡਾਲਾ, ਸੰਤ ਬੀਬੀ ਪੂਨਮ ਹੀਰਾ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਵੀ ਹਾਜਰ ਸਨ।

# ਵਿਧਾਇਕ ਸੰਤੋਸ਼ ਕਟਾਰੀਆ ਵੱਲੋਂ ਪਿੰਡ ਕਿਸ਼ਨਪੁਰ ਵਿਖੇ 1 ਕਰੋੜ ਦੀ ਲਾਗਤ ਨਾਲ ਬਣਨ ਵਾਲੀ ਪੁਲੀ ਦਾ ਉਦਘਾਟਨ

## ਕਰੀਬ 25 ਪਿੰਡਾਂ ਦੇ ਲੋਕਾਂ ਨੂੰ ਮਿਲੇਗੀ ਵੱਡੀ ਰਾਹਤ, ਇਲਾਕੇ ਵਿੱਚ ਖੁਸ਼ੀ ਦੀ ਲਹਿਰ

**ਬਲਾਚੌਰ (ਜਤਿੰਦਰਪਾਲ ਸਿੰਘ ਕਲੇਰ ):** ਹਲਕਾ ਵਿਧਾਇਕਾ ਸੰਤੋਸ਼ ਕੁਮਾਰੀ ਕਟਾਰੀਆ ਵੱਲੋਂ ਅੱਜ ਹਲਕੇ ਦੇ ਵਿਕਾਸ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਪਿੰਡ ਕਿਸ਼ਨਪੁਰ ਵਿਖੇ ਇੱਕ ਅਹਿਮ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ ਗਿਆ। ਵਿਧਾਇਕਾ ਕਟਾਰੀਆ ਨੇ ਪਿੰਡ ਨਿਵਾਸੀਆਂ ਦੀ ਸਹੂਲਤ ਲਈ ਲਗਭਗ 1 ਕਰੋੜ ਰੁਪਏ ਦੀ ਲਾਗਤ ਨਾਲ ਤਿਆਰ ਹੋਣ ਵਾਲੀ ਨਵੀਂ ਪੁਲੀ ਦੇ ਨਿਰਮਾਣ ਕਾਰਜ ਦਾ ਉਦਘਾਟਨ ਕੀਤਾ। ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਕਿ ਲੋਕਾਂ ਦੀ ਸਹੂਲਤ ਸਾਡੀ ਸਰਕਾਰ ਦੀ ਮੁੱਖ ਪਹਿਲ ਹੈ। ਉਨ੍ਹਾਂ ਦੱਸਿਆ ਕਿ ਇਸ ਪੁਲੀ ਦੇ ਬਣਨ ਨਾਲ ਸਿਰਫ਼ ਕਿਸ਼ਨਪੁਰ ਹੀ ਨਹੀਂ, ਸਗੋਂ ਆਲੇ-ਦੁਆਲੇ ਦੇ ਕਰੀਬ 25 ਪਿੰਡਾਂ ਦੇ ਲੋਕਾਂ ਨੂੰ ਆਵਾਜਾਈ ਵਿੱਚ ਆ ਰਹੀਆਂ



ਵੱਡੀਆਂ ਮੁਸ਼ਕਲਾਂ ਤੋਂ ਨਿਜਾਤ ਮਿਲੇਗੀ। ਇਹ ਪੁਲੀ ਇਲਾਕੇ ਦੇ ਸੰਪਰਕ ਮਾਰਗਾਂ ਨੂੰ ਮਜ਼ਬੂਤ ਕਰੇਗੀ ਅਤੇ ਵਿਕਾਸ ਦੀ ਗਤੀ ਨੂੰ ਹੋਰ ਤੇਜ਼ ਕਰੇਗੀ। ਉਨ੍ਹਾਂ ਅੱਗੇ ਕਿਹਾ ਕਿ ਹਲਕਾ ਬਲਾਚੌਰ ਦੇ ਸਰਵਪੱਖੀ ਵਿਕਾਸ ਲਈ ਉਹ ਲਗਾਤਾਰ ਯਤਨਸ਼ੀਲ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਵੀ ਕਈ ਅਧੂਰੇ ਪਏ ਪ੍ਰੋਜੈਕਟਾਂ ਨੂੰ ਨੇਪਰੇ ਚਾੜ੍ਹਿਆ ਜਾਵੇਗਾ। ਸਾਡਾ ਮਕਸਦ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਪ੍ਰਦਾਨ ਕਰਨਾ ਹੈ ਤਾਂ ਜੋ ਕਿਸੇ ਵੀ ਨਾਗਰਿਕ ਨੂੰ ਰੋਜ਼ਾਨਾ ਦੇ ਕੰਮਾਂ ਵਿੱਚ ਦਿੱਕਤ ਨਾ ਆਵੇ।" ਇਸ ਮੌਕੇ ਪਿੰਡ ਦੀ ਪੰਚਾਇਤ ਅਤੇ ਇਲਾਕਾ ਨਿਵਾਸੀਆਂ ਨੇ ਵਿਧਾਇਕਾ ਦਾ ਧੰਨਵਾਦ ਕੀਤਾ ਲ ਇਸ ਮੌਕੇ ਸਰਪੰਚ ਨਰੇਸ਼ ਕੁਮਾਰ , ਸਰਪੰਚ ਅਵਤਾਰ ਚੰਦ ਭਰਥਲਾ ਬੇਟ ,ਦੀਦਾਰ ਸਿੰਘ ਪੰਚ , ਕੁਲਵੰਤ ਸਿੰਘ ਪੰਚ,ਸੁਰਿੰਦਰ ਕੋਰ ਪੰਚ ,ਮੋਹਨ ਕੌਰ ਪੰਚ, ਊਸ਼ਾ ਪੰਚ ,ਹਰਵਿੰਦਰ ਸਿੰਘ,ਅਵਤਾਰ ਸਿੰਘ,ਅਸ਼ੋਕ ਕੁਮਾਰ,ਵਿਨੋਦ ਕੁਮਾਰ,ਹਰਨੇਕ ਸਿੰਘ ,ਚਰਨਜੀਤ ਸਿੰਘ ਅਤੇ ਪਾਰਟੀ ਵਰਕਰ ਵੀ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

# ਬਰਤਾਨੀਆ ‘ਚ ਹੋ ਰਹੀ ਭਾਰੀ ਬਰਫ਼ਬਾਰੀ ਕਾਰਨ ਹਵਾਈ,ਰੇਲ ਅਤੇ ਸੜਕ ਆਵਾਜਾਈ ਹੋਈ ਪ੍ਰਭਾਵਿਤ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਬਰਤਾਨੀਆ ਵਿੱਚ ਤੂਫ਼ਾਨ ਗੋਰੇਟੀ ਦੇ ਚੱਲਦੇ ਕਈ ਇਲਾਕਿਆਂ ਵਿੱਚ ਭਾਰੀ ਬਰਫ਼ਬਾਰੀ ਹੋ ਰਹੀ ਹੈ, ਜਿਸ ਕਾਰਨ ਆਮ ਜਨਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਇੰਗਲੈਂਡ ਦੇ ਉੱਤਰੀ ਅਤੇ ਕੇਂਦਰੀ ਖੇਤਰਾਂ ਵਿੱਚ ਬਰਫ਼ ਦੀ ਮੋਟੀ ਪਰਤ ਜਮ ਜਾਣ ਨਾਲ ਸੜਕਾਂ ਫਿਸਲਣ ਵਾਲੀਆਂ ਬਣ ਗਈਆਂ ਹਨ ਅਤੇ ਆਵਾਜਾਈ ਵਿੱਚ ਵੱਡੀ ਰੁਕਾਵਟ ਪੈਦਾ ਹੋਈ ਹੈ। ਬਰਫ਼ਬਾਰੀ ਕਾਰਨ ਰੇਲ ਨੈੱਟਵਰਕ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਹੈ। ਕਈ ਮੁੱਖ ਰੇਲ ਮਾਰਗਾਂ ‘ਤੇ ਸੇਵਾਵਾਂ ਅਸਥਾਈ ਤੌਰ ‘ਤੇ ਰੋਕਣੀਆਂ ਪਈਆਂ ਹਨ, ਜਦਕਿ ਕਈ ਟ੍ਰੇਨਾਂ



**ਇੰਗਲੈਂਡ ਚ ਪੈ ਰਹੀ ਭਾਰੀ ਬਰਫਬਾਰੀ ਦਾ ਦ੍ਰਿਸ। ਤਸਵੀਰ:- ਸੁਖਜਿੰਦਰ ਸਿੰਘ ਢੱਡੇ**

ਨੂੰ ਦੇਰ ਨਾਲ ਚਲਾਇਆ ਜਾ ਰਿਹਾ ਹੈ। ਰੇਲ ਅਧਿਕਾਰੀਆਂ ਨੇ ਯਾਤਰੀਆਂ ਨੂੰ ਸਲਾਹ ਦਿੱਤੀ ਹੈ ਕਿ ਉਹ ਬਿਨਾਂ ਲੋੜ ਦੇ ਯਾਤਰਾ ਤੋਂ ਬਚਣ ਅਤੇ ਘਰੋਂ ਨਿਕਲਣ ਤੋਂ ਪਹਿਲਾਂ ਸੇਵਾ ਸਬੰਧੀ ਜਾਣਕਾਰੀ ਜ਼ਰੂਰ ਚੈੱਕ ਕਰਨ। ਕਈ ਸ਼ਹਿਰਾਂ ਅਤੇ ਕਸਬਿਆਂ ਵਿੱਚ ਰਾਤ ਦੌਰਾਨ ਲਗਾਤਾਰ ਬਰਫ਼ ਪੈਣ ਨਾਲ ਸਵੇਰ ਵੇਲੇ ਲੋਕਾਂ ਨੂੰ ਦਫ਼ਤਰਾਂ, ਸਕੂਲਾਂ ਅਤੇ ਬਾਜ਼ਾਰਾਂ ਤੱਕ ਪਹੁੰਚਣ ਵਿੱਚ ਮੁਸ਼ਕਲ ਆਈ। ਕੁਝ ਇਲਾਕਿਆਂ ਵਿੱਚ ਸਕੂਲਾਂ ਨੂੰ ਅਸਥਾਈ ਤੌਰ ‘ਤੇ ਬੰਦ ਰੱਖਣ ਦਾ ਫ਼ੈਸਲਾ ਵੀ ਕੀਤਾ ਗਿਆ ਹੈ। ਸੜਕਾਂ ‘ਤੇ ਬਰਫ਼ ਜਮਣ ਕਾਰਨ ਹਾਦਸਿਆਂ ਦਾ ਖ਼ਤਰਾ ਵੱਧ ਗਿਆ ਹੈ ਅਤੇ ਕਈ ਥਾਵਾਂ ‘ਤੇ ਵਾਹਨ ਫਿਸਲਣ ਦੀਆਂ ਘਟਨਾਵਾਂ ਸਾਹ-ਮਣੇ ਆਈਆਂ ਹਨ। ਮੌਸਮ ਵਿਭਾਗ ਮੁਤਾਬਕ ਆਉਣ ਵਾਲੇ ਘੰਟਿਆਂ ਦੌਰਾਨ ਵੀ ਕੁਝ ਖੇਤਰਾਂ ਵਿੱਚ ਬਰਫ਼ਬਾਰੀ ਜਾਰੀ ਰਹਿਣ ਦੀ ਸੰਭਾਵਨਾ ਹੈ। ਪ੍ਰਸ਼ਾਸਨ ਵੱਲੋਂ ਬਰਫ਼ ਸਾਫ਼ ਕਰਨ ਵਾਲੀਆਂ ਟੀਮਾਂ ਨੂੰ ਤਾਇਨਾਤ ਕੀਤਾ ਗਿਆ ਹੈ ਤਾਂ ਜੋ ਮੁੱਖ ਸੜਕਾਂ ਅਤੇ ਰਸਤੇ ਖੁੱਲ੍ਹੇ ਰੱਖੇ ਜਾ ਸਕਣ। ਲੋਕਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਬਰਫ਼ਬਾਰੀ ਦੌਰਾਨ ਸਾਵਧਾਨੀ ਵਰਤਣ, ਗਰਮ ਕੱਪੜੇ ਪਹਿਨਣ ਅਤੇ ਫਿਸਲਣ ਵਾਲੀਆਂ ਥਾਵਾਂ ਤੋਂ ਦੂਰ ਰਹਿਣ। ਪ੍ਰਸ਼ਾਸਨ ਨੇ ਇਹ ਵੀ ਕਿਹਾ ਹੈ ਕਿ ਐਮਰਜੈਂਸੀ ਸੇਵਾਵਾਂ ਪੂਰੀ ਤਰ੍ਹਾਂ ਤਿਆਰ ਹਨ ਅਤੇ ਕਿਸੇ ਵੀ ਅਣਹੋਣੀ ਸਥਿਤੀ ਨਾਲ ਨਜਿੱਠਣ ਲਈ ਸਾਰੀਆਂ ਤਿਆਰੀਆਂ ਕੀਤੀਆਂ ਗਈਆਂ ਹਨ।

# ਗਾਜ਼ਾ ਚ ਫਸੇ ਬਰਤਾਨੀਆ ਦੇ ਅਧਿਆਪਕ ਦੇ ਪਰਿਵਾਰ ਨੂੰ ਬਰਤਾਨੀਆ ਆਉਣ ਦੀ ਨਹੀਂ ਮਿਲੀ ਇਜਾਜ਼ਤ

**ਲੈਸਟਰ (ਇੰਗਲੈਂਡ) (ਸੁਖਜਿੰਦਰ ਸਿੰਘ ਢੱਡੇ)** ਗਾਜ਼ਾ ਨਾਲ ਸਬੰਧਤ ਇਕ ਅਧਿਆਪਕ ਨੂੰ ਆਪਣੇ ਪਰਿਵਾਰ ਨੂੰ ਬਰਤਾਨੀਆ ਲਿਆਉਣ ਲਈ ਕੀਤੀ ਅਰਜ਼ੀ 'ਤੇ ਉਸ ਵੇਲੇ ਵੱਡਾ ਝਟਕਾ ਲੱਗਿਆ, ਜਦੋਂ ਬਰਤਾਨੀਆ ਦੇ ਹੋਮ ਆਫ਼ਿਸ ਨੇ ਇਸ ਮਾਮਲੇ ਨੂੰ "ਤੁਰੰਤ ਨਹੀਂ" ਦੱਸ ਦਿੱਤਾ। ਇਸ ਫ਼ੈਸਲੇ ਨਾਲ ਗਾਜ਼ਾ ਵਿੱਚ ਫਸੇ ਉਸ ਦੇ ਪਰਿਵਾਰ ਦੀਆਂ ਮੁਸ਼ਕਲਾਂ ਹੋਰ ਵੱਧ ਗਈਆਂ ਹਨ।


ਗਾਜਾ ਚ ਫਸੇ ਬਰਤਾਨੀਆ ਵਿਚ ਰਹਿ ਰਹੇ ਅਧਿਆਪਕ ਦੀ ਆਪਣੇ ਪਰਿਵਾਰ ਨਾਲ ਪੁਰਾਣੀ ਤਸਵੀਰ।ਤਸਵੀਰ:- ਸੁਖਜਿੰਦਰ ਸਿੰਘ ਢੱਡੇ

ਜਾਣਕਾਰੀ ਅਨੁਸਾਰ ਬੱਸਮ ਅਬੂਦੱਗਾ ਨਾਂ ਦਾ ਇਹ ਅਧਿਆਪਕ ਇਸ ਸਮੇਂ ਬਰਤਾਨੀਆ ਵਿੱਚ ਰਹਿ ਰਿਹਾ ਹੈ ਅਤੇ ਯੂਨੀਵਰਸਿਟੀ ਨਾਲ ਜੁੜਿਆ ਹੋਇਆ ਹੈ। ਉਸ ਦੀ ਪਤਨੀ ਅਤੇ ਛੋਟੇ ਬੱਚੇ ਗਾਜ਼ਾ ਵਿੱਚ ਰਹਿੰਦੇ ਹਨ, ਜਿੱਥੇ ਹਾਲਾਤ ਬਹੁਤ ਹੀ ਮਾੜੇ ਹਨ। ਬੱਸਮ ਨੇ ਸਰਕਾਰ ਕੋਲ ਅਰਜ਼ੀ ਦੇ ਕੇ ਅਪੀਲ ਕੀਤੀ ਸੀ ਕਿ ਮਨੁੱਖੀ ਅਧਾਰ 'ਤੇ ਉਸ ਦੇ ਪਰਿਵਾਰ ਨੂੰ ਜਲਦੀ ਬਰਤਾਨੀਆ ਲਿਆਉਣ ਦੀ ਆਗਿਆ ਦਿੱਤੀ ਜਾਵੇ, ਪਰ ਸਰਕਾਰ ਨੇ ਇਸ ਨੂੰ ਤੁਰੰਤ ਮਾਮਲਾ ਨਹੀਂ ਮੰਨਿਆ। ਹੋਮ ਆਫ਼ਿਸ ਵੱਲੋਂ ਕਿਹਾ ਗਿਆ ਹੈ ਕਿ ਪਰਿਵਾਰਕ ਮਿਲਾਪ ਲਈ ਆਮ ਵੀਜ਼ਾ ਨਿਯਮਾਂ ਅਨੁਸਾਰ ਹੀ ਕਾਰਵਾਈ ਕੀਤੀ ਜਾਵੇਗੀ। ਅਧਿਕਾਰੀਆਂ ਨੇ ਇਹ ਵੀ ਦੱਸਿਆ ਕਿ ਬੱਸਮ ਦੀ ਪਤਨੀ ਨੂੰ ਵੀਜ਼ਾ ਅਰਜ਼ੀ ਦੇਣ ਲਈ ਵੀਜ਼ਾ ਅਰਜ਼ੀ ਕੇਂਦਰ 'ਚ ਖੁਦ ਹਾਜ਼ਰ ਹੋਣਾ ਪਵੇਗਾ। ਪਰ ਹਕੀਕਤ ਇਹ ਹੈ ਕਿ ਗਾਜ਼ਾ ਵਿੱਚ ਇਸ ਵੇਲੇ ਕੋਈ ਵੀ ਵੀਜ਼ਾ ਕੇਂਦਰ ਚੱਲਦਾ ਨਹੀਂ, ਜਿਸ ਕਾਰਨ ਅਰਜ਼ੀ ਦੇਣਾ ਵੀ ਔਖਾ ਬਣਿਆ ਹੋਇਆ ਹੈ।

ਬੱਸਮ ਅਬੂਦੱਗਾ ਨੇ ਦੱਸਿਆ ਕਿ ਉਸ ਦਾ ਪਰਿਵਾਰ ਹਰ ਦਿਨ ਡਰ ਅਤੇ ਚਿੰਤਾ ਵਿੱਚ ਜੀ ਰਿਹਾ ਹੈ। ਉਸ ਨੇ ਕਿਹਾ ਕਿ ਬੱਚਿਆਂ ਦੀ ਸੁਰੱਖਿਆ ਉਸ ਲਈ ਸਭ ਤੋਂ ਵੱਡੀ ਚਿੰਤਾ ਹੈ। ਕਈ ਵਾਰ ਗਾਜ਼ਾ ਨਾਲ ਸੰਪਰਕ ਵੀ ਟੁੱਟ ਜਾਂਦਾ ਹੈ, ਜਿਸ ਨਾਲ ਮਨ ਹੋਰ ਵੀ ਘਬਰਾਇਆ ਰਹਿੰਦਾ ਹੈ। ਉਸ ਨੇ ਆਸ ਜਤਾਈ ਕਿ ਬਰਤਾਨੀਆ ਸਰਕਾਰ ਮਨੁੱਖੀ ਪੱਖ ਨੂੰ ਵੇਖਦਿਆਂ ਫ਼ੈਸਲੇ 'ਤੇ ਦੁਬਾਰਾ ਵਿਚਾਰ ਕਰੇਗੀ।

ਇਸ ਮਾਮਲੇ ਨੂੰ ਲੈ ਕੇ ਬਰਤਾਨੀਆ ਵਿੱਚ ਰਹਿੰਦੇ ਕਈ ਪਰਵਾਸੀ ਲੋਕਾਂ ਅਤੇ ਮਨੁੱਖੀ ਅਧਿਕਾਰਾਂ ਨਾਲ ਜੁੜੀਆਂ ਸੰਸਥਾਵਾਂ ਨੇ ਵੀ ਨਾਰਾਜ਼ਗੀ ਜਤਾਈ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਜਿੱਥੇ ਜੰਗ ਅਤੇ ਅਸੁਰੱਖਿਆ ਦੇ ਹਾਲਾਤ ਹੋਣ, ਉੱਥੇ ਪਰਿਵਾਰਾਂ ਨੂੰ ਇਕੱਠਾ ਕਰਨ ਲਈ ਸਰਕਾਰ ਨੂੰ ਨਰਮੀ ਦਿਖਾਉਣੀ ਚਾਹੀਦੀ ਹੈ। ਦੂਜੇ ਪਾਸੇ ਹੋਮ ਆਫ਼ਿਸ ਦਾ ਕਹਿਣਾ ਹੈ ਕਿ ਹਰ ਅਰਜ਼ੀ ਕਾਨੂੰਨ ਅਤੇ ਨਿਯਮਾਂ ਮੁਤਾਬਕ ਹੀ ਵੇਖੀ ਜਾਂਦੀ ਹੈ ਅਤੇ ਕਿਸੇ ਨਾਲ ਵੱਖਰਾ ਵਤੀਰਾ ਨਹੀਂ ਰੱਖਿਆ ਜਾਂਦਾ। ਫਿਰ ਵੀ, ਇਸ ਫ਼ੈਸਲੇ ਨਾਲ ਗਾਜ਼ਾ ਵਿੱਚ ਫਸੇ ਪਰਿਵਾਰਾਂ ਦੀ ਬੇਬਸੀ ਅਤੇ ਦਰਦ ਹੋਰ ਸਾਹਮਣੇ ਆ ਗਿਆ ਹੈ।

# ਭਗਤੀ ਭਾਵਨਾ ਨਾਲ ਜੁੜਿਆ ਡਿਵੋਸ਼ਨਲ ਟ੍ਰੈਕ "ਸਤਿਗੁਰੂ ਕਾਂਸ਼ੀ ਵਾਲੇ ਨੇ" ਹੋਵੇਗਾ ਸੰਗਤ ਅਰਪਿਤ - ਪ੍ਰੋਡਿਊਸਰ ਰਾਮ ਭੋਗਪੁਰੀਆ

ਜਗਤ ਗੁਰੂ ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪਵਿੱਤਰ ਪ੍ਰਕਾਸ਼ ਪੁਰਬ ਦੀ ਖੁਸ਼ੀ ਵਿੱਚ ਅਨੇਕਾਂ ਹੀ ਕਲਾਕਾਰਾਂ ਵਲੋਂ ਆਪਣਾ ਪਿਆਰ ਮੁਹੱਬਤ ਦਰਸਾਉਂਦਿਆਂ ਸਤਿਗੁਰਾਂ ਦੇ ਚਰਨਾਂ ਵਿੱਚ ਵੱਖ ਵੱਖ ਧਾਰਮਿਕ ਟ੍ਰੈਕ ਰਿਲੀਜ ਕੀਤੇ ਜਾ ਰਹੇ ਹਨ, ਜਿਸ ਕੜੀ ਤਹਿਤ ਗਾਇਕ ਕੁਲਦੀਪ ਚੁੰਬਰ ਵਲੋਂ ਵੀ ਆਪਣੇ ਵੱਖ-ਵੱਖ ਟ੍ਰੈਕ ਰਿਲੀਜ਼ ਕੀਤੇ ਜਾ ਰਹੇ ਹਨ। ਜ਼ਿਨ੍ਹਾਂ ਵਿੱਚੋਂ ਹਾਲ ਹੀ ਵਿੱਚ ਰਿਲੀਜ਼ ਕੀਤੇ ਜਾਣ ਵਾਲਾ ਟ੍ਰੈਕ "ਸਤਿਗੁਰੂ ਕਾਂਸ਼ੀ ਵਾਲੇ ਨੇ" ਨੂੰ ਆਰ ਜੇ ਬੀਟਸ ਕੰਪਨੀ ਯੂਐਸਏ ਵਲੋਂ ਬਹੁਤ ਹੀ ਜਲਦ ਸੰਗਤ ਦੇ ਅਰਪਿਤ ਕਰ ਦਿੱਤਾ ਜਾਵੇਗਾ।




ਇਹ ਜਾਣਕਾਰੀ ਦਿੰਦਿਆਂ ਨਿਰਮਾਤਾ ਰਾਮ ਭੋਗਪੁਰੀਆ ਨੇ ਦੱਸਿਆ ਕਿ ਇਸ ਟ੍ਰੈਕ ਨੂੰ ਡੇਰਾ ਸੱਚਖੰਡ ਬੱਲਾਂ ਨੇ ਮੌਜੂਦਾ ਗੱਦੀ ਨਸ਼ੀਨ ਸਤਿਗੁਰੂ ਨਿਰੰਜਨ ਦਾਸ ਮਹਾਰਾਜ ਜੀ ਦੀ ਰਹਿਨੁਮਾਈ ਆਸ਼ੀਰਵਾਦ ਸਦਕਾ ਉਹਨਾਂ ਦੇ ਪਾਵਨ ਚਰਨ ਕਮਲਾਂ ਵਿੱਚ ਫਿਲਮਾਇਆ ਗਿਆ ਹੈ , ਜੋ ਪ੍ਰੇਮਾ ਭਗਤੀ ਦਾ ਸੰਗਤ ਨੂੰ ਸੰਦੇਸ਼ ਦਿੰਦਾ ਹੈ। ਇਸ ਧਾਰਮਿਕ ਗੀਤ ਦਾ ਪੋਸਟਰ ਸੋਸ਼ਲ ਸਾਈਟਾਂ ਤੇ ਆਰ ਜੇ ਬੀਟਸ ਕੰਪਨੀ ਵਲੋਂ ਲਾਂਚ ਕਰ ਦਿੱਤਾ ਗਿਆ ਹੈ ਅਤੇ ਇਸ ਦੇ ਆਡੀਓ ਵੀਡੀਓ ਪ੍ਰੋਜੈਕਟ ਨੂੰ ਜਲਦ ਹੀ ਲੋਕ ਅਰਪਿਤ ਕਰ ਦਿੱਤਾ ਜਾਵੇਗਾ । ਇਸ ਟ੍ਰੈਕ ਨੂੰ ਖੁਦ ਗਾਇਕ ਕੁਲਦੀਪ ਚੁੰਬਰ ਵਲੋਂ ਲਿਖਿਆ, ਗਾਇਆ ਤੇ ਕੰਪੋਜ਼ ਕੀਤਾ ਗਿਆ ਹੈ। ਇਸ ਦਾ ਸੰਗੀਤ ਰਾਜ ਕੁਮਾਰ ਵਲੋਂ ਬਾਖੂਬੀ ਤਿਆਰ ਕੀਤਾ ਗਿਆ ਹੈ ਅਤੇ ਇਸ ਦਾ ਵੀਡੀਓ ਰਿੰਕਾ ਨਸਰ-ਾਲਾ ਦੀ ਪੂਰੀ ਟੀਮ ਕੈਮਰਾਮੈਨ ਰਾਜਨ ਬਟਾਲਵੀ, ਡ੍ਰੋਨ ਅਪਰੇਟਰ ਤੁਸ਼ਾਰ ਗੁਪਤਾ ਅਤੇ ਵੀਡੀਓ ਐਡੀਟਰ ਏ ਡੀ ਐਡਇਜ਼ ਨੇ ਪੂਰੀ ਮਿਹਨਤ ਤੇ ਲਗਨ ਨਾਲ ਤਿਆਰ ਕੀਤਾ ਹੈ । ਆਰ ਜੇ ਬੀਟਸ ਕੰਪਨੀ ਵਲੋਂ ਇਸ ਟ੍ਰੈਕ ਨੂੰ ਸੋਸ਼ਲ ਮੀਡੀਆ ਦੀਆਂ ਸਾਰੀਆਂ ਸਾਈਟਾਂ ਤੇ ਵਿਸ਼ਵ ਭਰ ਵਿੱਚ ਰਿਲੀਜ਼ ਕਰ ਦਿੱਤਾ ਜਾਵੇਗਾ, ਜਿੱਥੇ ਸਮੂਹ ਗੁਰੂ ਰਵਿਦਾਸ ਨਾਮ ਲੇਵਾ ਸੰਗਤਾਂ ਇਸ ਧਾਰਮਿਕ ਗੀਤ ਨੂੰ ਸਰਵਣ ਕਰ ਸਕਦੀਆਂ ਹਨ ।

# ਕਹਾਣੀ - ਲਾਲਚ ਬੁਰੀ ਬਲਾ ਹੈ

ਇੱਕ ਵਾਰ ਦੀ ਗੱਲ ਹੈ। ਇੱਕ ਪਿੰਡ ਵਿੱਚ ਇੱਕ ਰਮਨ ਨਾਂ ਦਾ ਵਪਾਰੀ ਰਹਿੰਦਾ ਸੀ। ਉਹ ਬਹੁਤ ਹੀ ਅਮੀਰ ਸੀ। ਇੱਕ ਦਿਨ ਉਸ ਦੇ ਕੋਲ ਇੱਕ ਬੁੱਢੀ ਮਾਈ ਆਈ। ਉਸਨੇ ਕਿਹਾ ਪੁੱਤਰ ਜੇਕਰ ਤੇਰੇ ਕੋਲ ਕੁੱਝ ਖਾਣ ਨੂੰ ਹੈ ਤਾਂ ਮੈਨੂੰ ਖਾਣ ਲਈ ਦੇ ਦੇ। ਰਮਨ ਨੇ ਉਸ ਬੁੱਢੀ ਮਾਈ ਨੂੰ ਖਾਣ ਲਈ ਕੜੀ ਚਾਵਲ ਦੇ ਦਿੱਤੇ। ਬੁੱਢੀ ਮਾਈ ਨੇ ਮਨ ਭਰ ਕੇ ਕੜੀ ਚਾਵਲ ਖਾਦੇ। ਥੋੜੀ ਦੇਰ ਬਾਅਦ ਜਦੋਂ ਬੁੱਢੀ ਮਾਈ ਜਾਣ ਲੱਗੀ ਤਾਂ ਰਮਨ ਨੇ ਕਿਹਾ, "ਮਾਈ ਥੋੜੀ ਦੇਰ ਤੁਸੀਂ ਇੱਥੇ ਹੀ ਆਰਾਮ ਕਰ ਲਓ।" ਬੁੱਢੀ ਮਾਈ ਨੂੰ ਰਮਨ ਦੀ ਇਹ ਗੱਲ ਬਹੁਤ ਚੰਗੀ ਲੱਗੀ। ਜਦੋਂ ਦੋ ਘੰਟਿਆਂ ਬਾਅਦ ਬੁੱਢੀ ਮਾਈ ਜਾਣ ਲੱਗੀ ਤਾਂ ਬੁੱਢੀ ਮਾਈ ਨੇ ਰਮਨ ਨੂੰ ਇੱਕ ਅੰਡਾ ਦਿੱਤਾ ਤੇ ਕਿਹਾ ਕਿ ਪੁੱਤਰ ਤੂੰ ਜੋ ਕੁੱਝ ਵੀ ਇਸ ਅੰਡੇ ਨੂੰ ਕਹੇਗਾ ਉਹ ਸੱਚ ਹੋ ਜਾਵੇਗਾ ਪਰ ਇਹ ਸਿਰਫ਼ ਇੱਕ ਦਿਨ ਵਿੱਚ ਇੱਕ ਗੱਲ ਪੂਰੀ ਕਰ ਸਕਦਾ ਹੈ। ਰਮਨ ਨੂੰ ਉਸ ਬੁੱਢੀ ਮਾਈ ਦੀ ਗੱਲ ਤੇ ਬਹੁਤ ਹੈਰਾਨੀ ਹੋਇਆ। ਰਾਤ ਨੂੰ ਜਦੋਂ ਰਮਨ ਸੌਣ ਲੱਗਾ ਤਾਂ ਉਸ ਨੇ ਸੋਚਿਆ ਕਿਉਂ ਨਾ ਉਸ ਅੰਡੇ ਤੋਂ ਕੁੱਝ ਮੰਗਿਆ ਜਾਵੇ। ਜਦੋਂ ਰਮਨ ਨੇ ਉਸ ਅੰਡੇ ਨੂੰ ਕਿਹਾ ਕਾਸ਼ ਮੇਰੇ ਕੋਲ ਇੱਕ ਸੋਨੇ ਦੀ ਗੱਡੀ ਹੁੰਦੀ, ਇਹ ਕਹਿੰਦੇ ਹੀ ਉਸਦੇ ਪਿੱਛੇ ਸੋਨੇ ਦੀ ਗੱਡੀ ਆ ਗਈ।

ਇਹ ਦੇਖ ਕੇ ਰਮਣ ਲਾਲਚ ਵਿੱਚ ਆ ਗਿਆ, ਉਸਨੇ ਅੰਡੇ ਤੋਂ ਸੋਨੇ ਦਾ ਰੁੱਖ ਮੰਗਿਆ ਪਰ ਕੁਝ ਨਾ ਹੋਇਆ। ਇਹ ਦੇਖ ਰਮਨ ਨੂੰ ਗੁੱਸਾ ਆ ਗਿਆ ਉਸਨੇ ਗੁੱਸੇ ਵਿੱਚ ਅੰਡਾ ਥੱਲੇ ਸੁੱਟ ਦਿੱਤਾ, ਅੰਡੇ ਦੇ ਦੋ ਟੁਕੜੇ ਹੋ ਗਏ। ਅਚਾਨਕ ਉੱਥੇ ਉਹ ਬੁੱਢੀ ਮਾਈ ਹਾਜ਼ਰ ਹੋਈ,ਜਿਸ ਨੇ ਰਮਨ ਨੂੰ ਅੰਡਾ ਦਿੱਤਾ ਸੀ। ਬੁੱਢੀ ਮਾਈ ਨੇ ਕਿਹਾ,"ਮੂਰਖ ਤੂੰ ਲਾਲਚ 'ਚ ਇਨਾ ਅੰਨ੍ਹਾ ਹੋ ਜਾਵੇਗਾ ਮੈਨੂੰ ਪਤਾ ਨਹੀਂ ਸੀ।" ਇਹ ਦੇਖ ਕੇ ਰਮਨ ਨੂੰ ਬੁੱਢੀ ਮਾਈ ਦੀ ਕਹੀ ਗੱਲ ਯਾਦ ਆ ਗਈ ਕਿ ਇਹ ਅੰਡਾ ਸਿਰਫ਼ ਇੱਕ ਦਿਨ ਵਿੱਚ ਇੱਕ ਵਾਰ ਹੀ ਗੱਲ ਪੂਰੀ ਕਰਦਾ ਹੈ। ਇਹ ਸੋਚ ਕੇ ਰਮਨ ਨੂੰ ਆਪਣੇ ਕੀਤੇ ਤੇ ਬੜਾ ਪਛਤਾਵਾ ਹੋਇਆ।



**ਸੀਰਤਦੀਪ ਕੌਰ**
**ਜਮਾਤ- ਛੇਂਵੀ**
**ਸਰਕਾਰੀ ਮਿਡਲ ਸਕੂਲ ਜਾਗੋ ਚਨਾਰਥਲ**
**ਫ਼ਤਹਿਗੜ੍ਹ ਸਾਹਿਬ**

# ਰੈਲੀ ਰੈਲੀ ਵਿੱਚ

ਤਾਇਆ ਸਾਅ ਸਰੀ ਕਾਲ, ਅੱਜ ਕਿੱਧਰ ਚਲੇ ਗਿਆ ਤੂੰ ਚੌਤਰੇ ਦੇ ਉੱਤੇ ਦਿਖਿਆ ਈ ਨੀ, ਸ਼ਾਮ ਨੂੰ ਮਿਲੇ ਤਾਏ ਸੋਹਣੇ ਨੂੰ ਮੈਂ ਕਿਹਾ, ਕਾਕਾ ਮੈਂ ਅੱਜ ਸਮਰਾਲੇ ਸਾਡੇ ਮਨਰੇਗਾ ਵਾਲਾ ਜਿਹੜਾ ਰੌਲਾ ਪਿਆ ਓਹਦੀ ਰੈਲੀ ਵਿੱਚ ਗਿਆ ਸੀ। ਕੀ ਦੇਖਿਆ ਫਿਰ ਰੈਲੀ ਵਿੱਚ ਕੀ ਬਣਿਆ ਮਨਰੇਗਾ ਦਾ ਮੈਂ ਤਾਏ ਨੂੰ ਪੁੱਛਿਆ। ਕਾਂਗਰਸ ਦੇ ਬੜੇ ਬੜੇ ਲੀਡਰ ਆਏ ਤੀਰ ਮੈਂ ਆਪਣੇ ਆਲੇ ਮੈਂਬਰ ਪਾਰਲੀਮੈਂਟ ਅਮਰ ਸਿੰਉਂ ਨੂੰ ਸੁਣ ਰਿਹਾ ਸੀ ਆਪਣੇ ਭਾਸ਼ਣ ਵਿੱਚ ਉਹਨੇ ਕਿਹਾ ਕਿ ਮਜ਼ਦੂਰਾਂ ਦੀ ਸਾਰੇ ਦੇਸ਼ ਵਿੱਚ ਹਾਲਤ ਬਹੁਤ ਮਾੜੀ ਆ ਜੋ ਵੀ ਮਜਦੂਰ ਕੰਮ ਕਰਦਾ ਹੈ ਉਸ ਦੀ ਮਜਦੂਰੀ ਤੁਰੰਤ ਦੇਣੀ ਚਾਹੀਦੀ ਹੈ ਸਰਕਾਰ ਮਜ਼ਦੂਰਾਂ ਦੀ ਮਜਦੂਰੀ ਨਹੀਂ ਦੇਣਾ ਚਾਹੁੰਦੀ ਇਹੋ ਜਿਹੀਆਂ ਗੱਲਾਂ ਹੋਈਆਂ, ਤਾਇਆ ਮਨਰੇਗਾ ਆਲੀ ਰੈਲੀ ਦਾ ਵਰਣਨ ਕਰਦਾ ਦੱਸਣ ਲੱਗਾ ਕਿ ਅਮਰ ਸਿਉਂ ਨੇ ਮਜ਼ਦੂਰਾਂ ਦੀ ਮਨਰੇਗਾ ਬਣਾਈ ਪਰ ਜਦ ਅਮਰ ਸਿਉ ਬੋਲ ਰਿਹਾ ਸੀ ਤਾਂ ਫਿਰ ਸਟੇਜ ਤੇ ਰਾਜਾ ਬੜਿੰਗ ਬੈਠਾ ਮੇਰੀ ਨਜ਼ਰ ਪਿਆ ਤੇ ਮੈਂ ਸੋਚਣ ਲੱਗ ਗਿਆ ਅਮਰ ਸਿਹਾਂ ਤੂੰ ਤਾਂ ਕਹਿੰਦਾ ਵੀ ਮਜ਼ਦੂਰ ਦੀ ਮਜ਼ਦੂਰੀ ਤੁਰੰਤ ਦਵੋ ਪਰ ਆ ਰਾਜੇ ਬੜਿੰਗ ਨੇ ਤਾਂ ਦਰਜ਼ੀ ਮਜ਼ਦੂਰ ਦੇ ਪੈਸੇ ਹੀ ਨਾ ਦਿੱਤੇ ਜਿਹੜੇ ਕੁੜਤੇ ਪਜਾਮੇ ਸਮਾਏ ਤੀ, ਤਾਇਆ ਏਨੀ ਗੱਲ ਕਰਦਾ ਹੋਇਆ ਡੈਅਰੀ ਵੱਲ ਨੂੰ ਦੁੱਧ ਲਿਆਉਣ ਲਈ ਤੁਰ ਪਿਆ ਪਰ ਮੈਂ ਤਾਏ ਦੀ ਅੱਜ ਦੀ ਰੈਲੀ ਵਿਚਲੀ ਦਰਜ਼ੀ ਦੀ ਮਜ਼ਦੂਰੀ ਦੀ ਗੱਲ ਸੁਣ ਕੇ ਹਕਾ ਬੱਕਾ ਰਹਿ ਗਿਆ ਬਈ ਤਾਏ ਨੂੰ ਤਾਂ ਸਭ ਪਤਾ....!



**ਬਲਬੀਰ ਸਿੰਘ ਬੱਬੀ 7009107300**

# ਮੇਰੀਆਂ ਤਿੰਨ ਕਿਤਾਬਾਂ ਹਾਇਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਹੋਈਆਂ ਅਪਰੂਵ

ਦੋਸਤੋ ਤੁਹਾਡੇ ਵਲੋਂ ਮੇਰੀਆਂ ਲਿਖਤਾਂ ਨੂੰ ਅਤੇ ਮੇਰੀਆਂ ਵੀਡੀਓ ਨੂੰ ਸੋਸ਼ਲ ਮੀਡੀਆ ਤੇ ਬਹੁਤ ਜਿਆਦਾ ਪਿਆਰ ਮਿਲਣ ਕਰਕੇ ਅਤੇ ਤੁਹਾਡੇ ਵਿੱਚੋਂ ਕੁੱਝ ਸਾਥੀਆਂ ਦੇ ਕਹਿਣ ਤੇ ਮੈਂ ਪੰਜਾਬੀ ਦੀਆਂ ਤਿੰਨ ਕਿਤਾਬਾਂ ਲਿਖੀਆਂ ਸਨ "ਮੌਟੀਵੇਸ਼ਨਲ ਤੇ ਹੋਰ ਲੇਖ", "ਸਵੈ ਵਿਕਾਸ ਬਾਰੇ" ਅਤੇ "ਤਰਕਸ਼ੀਲਤਾ ਤੇ ਤੰਦਰੁਸਤੀ" ਲ ਇਨ੍ਹਾਂ ਕਿਤਾਬਾਂ ਨੂੰ ਤੁਸੀਂ ਪੰਜਾਬ ਅਤੇ ਵਿਦੇਸ਼ਾਂ ਵਿੱਚ ਬਹੁਤ ਪਿਆਰ ਦਿੱਤਾ ਅਤੇ ਖੁਸ਼ੀ ਦੀ ਗੱਲ ਇਹ ਰਹੀ ਕਿ ਸੈਂਕੜੇ ਪਾਠਕਾਂ ਨੇ ਫੋਨ ਕਰਕੇ ਅਤੇ ਮਿਲ ਕੇ ਮੈਨੂੰ ਦੱਸਿਆ ਕਿ ਕਿਵੇਂ ਇਨ੍ਹਾਂ ਕਿਤਾਬਾਂ ਨੇ ਉਨ੍ਹਾਂ ਦੀ ਜ਼ਿੰਦਗੀ ਵਿੱਚ ਜ਼ਿਕਰਯੋਗ ਬਦਲਾਓ ਲਿਆਂਦਾ । ਹੁਣ ਇਹ ਤਿੰਨੋਂ ਕਿਤਾਬਾਂ ਹਾਇਰ ਸੈਕੰਡਰੀ ਸਕੂਲਾਂ ਦੀਆਂ ਲਾਇਬਰੇਰੀਆਂ ਲਈ ਅਪਰੂਵ ਹੋ ਗਈਆਂ ਹਨ ਜਿੱਥੋਂ ਹੋਰ ਨੌਜਵਾਨ ਪੀੜ੍ਹੀ ਦੇ ਪਾਠਕ ਇਹ ਕਿਤਾਬਾਂ ਪੜ੍ਹ ਕੇ ਲਾਹਾ ਲੈਣਗੇ ।




ਇਥੇ ਇਹ ਵਰਨਣਯੋਗ ਹੈ ਕਿ ਮੇਰੀ ਚੌਥੀ ਕਿਤਾਬ "Homeless To Mulit-iMliloniare" ਨੇ ਵੀ ਨੈਸ਼ਨਲ ਲਾਇਬਰੇਰੀ ਆਫ ਨਿਊਜ਼ੀਲੈਂਡ ਵਿੱਚ ਸਥਾਨ ਪ੍ਰਾਪਤ ਕੀਤਾ ਹੈ । ਇਸ ਕਿਤਾਬ ਨੂੰ ਪੰਜਾਬੀ ਪਾਠਕਾਂ ਦੇ ਨਾਲ ਨਾਲ ਨਿਊਜ਼ੀਲੈਂਡ ਅਤੇ ਆਸਟ੍ਰੇਲੀਆ ਦੇ ਵਾਸੀਆਂ ਨੇ ਬਹੁਤ ਪਿਆਰ ਦਿੱਤਾ ਹੈ ਲ ਭਾਰੀ ਮੰਗ ਕਾਰਣ ਇਹ ਕਿਤਾਬ ਅਜੇ ਹੋਰ ਮੁਲਕਾਂ ਵਿੱਚ ਉਪਲਬਧ ਨਹੀਂ ਹੋ ਸਕੀ ।

ਮੇਰੇ ਜੀਵਨ ਬਾਰੇ ਡਾਕਟਰ Raja Ram Hanidaya ਜੀ ਦੁਆਰਾ ਲਿਖੀ ਕਿਤਾਬ "ਮਜ਼ਦੂਰ ਤੋਂ ਅਰਬਪਤੀ ਬਣਨ ਦਾ ਸਫ਼ਰ" ਨੂੰ ਵੀ ਆਪ ਵਲੋਂ ਬਹੁਤ ਪਿਆਰ ਮਿਲਿਆ ਹੈ । ਇਸ ਕਿਤਾਬ ਨੂੰ ਲਿਖਣ ਵਾਸਤੇ ਡਾਕਟਰ ਜੀ ਆਪਣੇ ਕੀਮਤੀ ਸਮੇਂ ਵਿੱਚੋਂ ਸਮਾਂ ਕੱਢ ਕੇ ਚਾਰ ਮਹੀਨੇ ਲਈ ਨਿਊਜ਼ੀਲੈਂਡ ਆਏ ਸਨ । ਬਹੁਤ ਸਾਰੇ ਪਾਠਕਾਂ ਨੇ ਦੱਸਿਆ ਕਿ ਕਿਤਾਬਾਂ ਪੜ੍ਹ ਕੇ ਉਨ੍ਹਾਂ ਨੂੰ ਸਮੱਸਿਆਵਾਂ ਨਾਲ ਜੂਝਣਾ ਆ ਗਿਆ ਹੈ ਅਤੇ ਉਨ੍ਹਾਂ ਨੂੰ ਵੱਡੀਆਂ ਸਮੱਸਿਆਵਾਂ ਹੁਣ ਛੋਟੀਆਂ ਲੱਗਣ ਲੱਗ ਪਈਆਂ ਹਨ ।

ਪੰਜਾਬ ਵਿੱਚ ਕਿਤਾਬਾਂ ਤਰਕਭਾਰਤੀ ਪ੍ਰਕਾਸ਼ਨ ਬਰਨਾਲਾ (ਅਮਿਟ ਟਿਟਾਇਰ) ਕੋਲੋਂ ਖਰੀਦੀਆਂ ਜਾ ਸਕਦੀਆਂ ਹਨ ਅਤੇ ਨਿਊਜ਼ੀਲੈਂਡ ਵਿੱਚ ਮੇਰੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ ।

–



**ਅਵਤਾਰ ਤਰਕਸ਼ੀਲ ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ**
**(ਜਲੰਧਰ)**
**006421392147**

# ਸੰਤੁਸ਼ਟੀ ਦੇ ਸਰੋਤ

"ਰਮੇਸ਼ ਜਿੰਦਗੀ ਨੂੰ ਹੁਣ ਸਕੂਨ ਹੈ। ਬੁਢਾਪਾ ਅਰਾਮ ਨਾਲ ਕੱਟ ਰਿਹਾ ਸੀ।" ਕੱਲ੍ਹ ਜਦੋਂ ਮੈਂ ਮੇਰੇ ਇੱਕ ਬਚਪਨ ਦੇ ਦੋਸਤ ਨੂੰ ਮਿਲਣ ਗਿਆ ਤਾਂ ਉਸ ਨੇ ਵਿਸਥਾਰ ਨਾਲ ਦੱਸਿਆ। ਸਾਰੀ ਉਮਰ ਇੱਕ ਕਲਰਕੀ ਦੀ ਤਨਖਾਹ ਨਾਲ ਪਰਿਵਾਰ ਦਾ ਗੁਜ਼ਰ ਬਸਰ ਕਰਨ ਵਾਲੇ ਮੇਰੇ ਉਸ ਦੋਸਤ ਦੀਆਂ ਗੱਲਾਂ ਵਿੱਚ ਮੈਨੂੰ ਦਮ ਲੱਗਿਆ। ਪੁਰਾਣੇ ਜਿਹੇ ਮਕਾਨ ਵਿੱਚ ਆਪਣੀ ਜਿੰਦਗੀ ਦੇ ਸੱਠ ਸਾਲ ਪੂਰੇ ਕਰਨ ਵਾਲਾ ਉਹ ਸਖਸ਼ ਆਪਣੇ ਬੇਟੇ ਮੈਟਰੋ ਸਿਟੀ ਦੇ ਪੌਸ਼ ਇਲਾਕੇ ਦੀ ਅਪਰੂਵਡ ਕਲੋਨੀ ਚ ਬਣਾਈ ਕੋਠੀ ਵਿੱਚ ਰਹਿੰਦਾ ਹੈ। ਭਾਵੇਂ ਬੇਟਾ ਵੀ ਕੇਂਦਰ ਸਰਕਾਰ ਦੇ ਇੱਕ ਵਿਭਾਗ ਵਿੱਚ ਕਲਰਕ ਹੀ ਹੈ। ਪ੍ਰੰਤੂ ਪਰਵਾਰਿਕ ਇਤਫ਼ਾਕ ਅਤੇ ਸਮਝਦਾਰੀ ਨਾਲ ਉਹ ਜਿੰਦਗੀ ਦੀ ਹਰ ਸਹੂਲਤ ਦਾ ਲੁਤਫ਼ ਉਠਾ ਰਹੇ ਹਨ।

"ਰਮੇਸ਼ ਮੈਨੂੰ ਏਟੀਐਮ ਵਰਤਣਾ ਨਹੀਂ ਆਉਂਦਾ ਤੇ ਨਾ ਮੈਂ ਗੂਗਲ ਪੇ ਚਲਾਉਂਦਾ ਹਾਂ। ਪੈਸੇ ਦਾ ਹਿਸਾਬ ਬੇਟੇ ਨੂੰ ਸੌਂਪ ਰੱਖਿਆ ਹੈ। ਚਾਹੇ ਮੇਰੀ ਪੈਨਸ਼ਨ ਹੋਵੇ ਜਾਂ ਉਸਦੀ ਤਨਖਾਹ। ਉਹ ਮੈਨੂੰ ਕਦੇ ਪੈਸੇ ਖਰਚਣ ਹੀ ਨਹੀਂ ਦਿੰਦਾ। ਹਾਂ ਮਹੀਨੇ ਬਾਅਦ ਵੀਹ ਤੀਹ ਹਜ਼ਾਰ ਰੁਪਈਆ ਮੈਨੂੰ ਪਕੜਾ ਦਿੰਦਾ ਹੈ। ਜਿਸ ਨਾਲ ਮੈਂ ਫਲ, ਫਰੂਟ, ਸਬਜ਼ੀ ਤੇ ਲੋੜੀਂਦਾ ਕਰਿਆਨਾ ਲੈ ਆਉਂਦਾ ਹਾਂ।" ਉਸ ਦੀਆਂ ਗੱਲਾਂ ਤੌਂ ਮੈਨੂੰ ਅਥਾਹ ਸੰਤੁਸ਼ਟੀ ਝਲਕ ਰਹੀ ਸੀ। ਉਹ ਮਾਣ ਮਹਿਸੂਸ ਕਰ ਰਿਹਾ ਸੀ।

"ਹੋਰ ਰਮੇਸ਼ ਆਪਾਂ ਪੈਸੇ ਦਾ ਕਰਨਾ ਵੀ ਕੀ ਹੈ। ਇੱਕ ਧੀ ਹੈ ਉਸਨੂੰ ਇਹ ਮੇਰੇ ਨਾਲੋਂ ਵੱਧ ਸੰਭਾਲਦਾ ਹੈ। ਕਦੇ ਦੇਣ ਲੈਣ ਚ ਕੁਤਾਹੀ ਜਾਂ ਕੰਜੂਸੀ ਨਹੀਂ ਕਰਦਾ। ਨੂੰਹ ਰਾਣੀ ਵੀ ਕਦੇ ਉੱਚੀ ਨਹੀਂ ਬੋਲੀ।" ਜਦੋਂ ਔਲਾਦ ਕੋਈ ਫਰਕ ਨਾ ਸਮਝੇ ਤਾਂ ਮਾਪਿਆਂ ਨੂੰ ਆਪਣੀ ਚੌਧਰਦਾਰੀ ਛੱਡ ਦੇਣੀ ਚਾਹੀਦੀ ਹੈ। ਸਿਆਣੇ ਕਹਿੰਦੇ ਹਨ ਜਦੋਂ ਘਰ ਦੇ ਬਜ਼ੁਰਗ ਬੇਲੋੜੀ ਦਖਲ ਅੰਦਾਜ਼ੀ ਛੱਡ ਦੇਣ, ਕਿਸੇ ਮੁੱਦੇ ਨੂੰ ਆਪਣੇ ਵਕਾਰ ਦਾ ਸਵਾਲ ਨਾ ਬਣਾਉਣ ਅਤੇ ਬਿਨਾਂ ਮੰਗੀ ਸਲਾਹ ਦੇਣੋ ਗੁਰੇਜ਼ ਕਰਨ ਤਾਂ ਘਰ ਵਿੱਚ ਉਹਨਾਂ ਦੀ ਇੱਜਤ ਦੁੱਗਣੀ ਹੋ ਜਾਂਦੀ ਹੈ। ਨਹੀਂ ਫਿਰ ਪਰਿਵਾਰ ਵਿੱਚ ਝਗੜੇ ਵੱਧਦੇ ਹਨ। ਅਸੀਂ ਔਲਾਦ ਨੂੰ ਦੋਸ਼ ਦਿੰਦੇ ਹਾਂ। ਅਸੀਂ ਆਪਣੀ ਔਲਾਦ ਤੇ ਆਪਣੀ ਬੀਵੀ ਮਗਰ ਲੱਗਣ ਅਤੇ ਮਾਪਿਆਂ ਨੂੰ ਭੁੱਲਣ ਦਾ ਇਲਜ਼ਾਮ ਲਾਉਂਦੇ ਹਾਂ। ਫਿਰ ਮਾਪੇ ਉਸ ਨੂੰਹ ਖਿਲਾਫ ਮੋਰਚਾ ਖੋਲ੍ਹ ਲੈਂਦੇ ਹਨ ਜਿਸ ਨੂੰ ਉਹ ਸਗਨਾਂ ਨਾਲ ਵਿਆਹਕੇ ਲਿਆਏ ਹੁੰਦੇ ਹਨ। ਦੋਸ਼ ਚਾਹੇ ਆਪਣੇ ਢਿੱਡ ਦੇ ਜੰਮੇ ਚ ਹੋਵੇ ਅਸੀਂ ਉਸ ਬੇਗਾਨੀ ਧੀ ਦੇ ਸਿਰ ਘੜਾ ਭੰਨ ਦਿੰਦੇ ਹਾਂ। ਜਦੋਂ ਕਿ ਵੱਡਾ ਕਸੂਰ ਸਾਡਾ ਬਜ਼ੁਰਗਾਂ ਦਾ ਹੁੰਦਾ ਹੈ। ਸਾਡੀ ਈਗੋ ਅਤੇ ਹੈਂਕੜ ਸਾਨੂੰ ਅਰਾਮ ਨਾਲ ਜਿਉਣ ਨਹੀਂ ਦਿੰਦੀ।

" ਬਾਕੀ ਤਾਂ ਸਭ ਠੀਕ ਹੈ। ਇਸ ਕਲੋਨੀ ਵਿੱਚ ਇਕੱਲਤਾ ਰੜਕਦੀ ਹੈ। ਸ਼ਹਿਰ ਦੂਰ ਹੋਣ ਕਰਕੇ ਕਈ ਵਾਰੀ ਸਮੋਸੇ ਖਾਣ ਤੋਂ ਵੀ ਤਰਸ ਜਾਈਦਾ ਹੈ। ਇਕੱਲੇ ਤੌਂ ਸ਼ਹਿਰ ਜ਼ਾ ਨਹੀਂ ਹੁੰਦਾ। ਕਲੋਨੀ ਦੇ ਆਪਣੇ ਕਾਇਦੇ ਕਾਨੂੰਨ ਹਨ। ਸਵੇਰ ਸ਼ਾਮ ਦੀ ਸੈਰ ਲਈ ਵਧੀਆ ਮਾਹੌਲ ਹੈ। ਹਾਂ ਇੱਥੇ ਅਵਾਰਾਂ ਕੁੱਤੇ ਜਿਆਦਾ ਪ੍ਰੇਸ਼ਾਨ ਕਰਦੇ ਹਨ। ਮੰਦਿਰ ਗੁਰਦਵਾਰਾ ਵੀ ਕਲੋਨੀ ਵਿੱਚ ਬਣਿਆ ਹੋਇਆ ਹੈ। ਨਾਲਦੇ ਖਾਲੀ ਪਲਾਟਾਂ ਵਿੱਚ ਅਸੀਂ ਸਾਗ ਸਬਜ਼ੀਆਂ ਬੀਜ ਲੈਂਦੇ ਹਾਂ। ਇਹ ਵੀ ਮੌਜ ਹੈ। ਉਸ ਦੀਆਂ ਗੱਲਾਂ ਉਸ ਦੇ ਆਪਣੇ ਤਿਆਗ ਅਤੇ ਸਿਆਣਪ ਦੀ ਕਹਾਣੀ ਸੁਣਾਉਦੀਆਂ ਸਨ। ਅੱਜ ਦੇ ਯੁੱਗ ਵਿੱਚ ਕਿਸੇ ਬਜ਼ੁਰਗ ਦਾ ਆਪਣੀ ਔਲਾਦ ਅਤੇ ਮਾਹੌਲ ਤੌਂ ਸੰਤੁਸ਼ਟ ਹੋਣਾ ਵੱਡੀ ਉਪਲੱਭਦੀ ਹੈ।



**ਰਮੇਸ਼ ਸੇਠੀ ਬਾਦਲ**
**9876627233**

# ਅੱਜ ਦਾ ਇਹਸਾਸ

ਮਿਰਜ਼ਾ ਗ਼ਾਲਿਬ ਨੂੰ ਕਿਸੇ ਨ ` ਪੁੱਛਿਆ,'ਮੀਆਂ,ਸ਼ਰਾਬੀ ਦੋਨਾਂ ਜਹਾਨਾਂ ਦੀਆਂ ਨਿਆਮਤਾਂ ਤੋਂ ਵਾਂਝਾ ਹੋ ਜਾਂਦਾ।' ਇਹ ਸੁਣ ਕੇ ਉਹ ਮੁਸਕਰਾਇਆਂ ਅਤੇ ਕਿਹਾ,'ਭਾਈ, ਜਿਸ ਨੂੰ ਸ਼ਰਾਬ ਮਿਲ ਜਾਵੇ,ਉਹਨੂੰ ਹੋਰ ਚਾਹੀਦਾ ਵੀ ਕੀ ਹੈ? ਇਹ ਤਾਂ ਉਸ ਦੀ ਜ਼ਿੰਦਗੀ ਦਾ ਨਿੱਜੀ ਪੱਖ ਸੀ,ਭਾਵੇਂ ਉਹਨੇ ਕਦੇ-ਕਦੇ ਕਰਜ਼ ਦੀ ਲੈ ਕੇ ਵੀ ਪੀਤੀ ਅਤੇ ਕਚਹਿਰੀਆਂ ਦੇ ਚੱਕਰ ਵੀ ਕੱਟਦਾ ਰਿਹਾ। ਪਰ ਬਤੌਰ ਕਲਮਕਾਰ, ਉਹਦੀ ਲਿਖਤ ਹਰ ਪੱਖੋਂ ਸ਼ਾਹਕਾਰ ਹੈ। ਉਹ ਕਲਮ ਦਾ ਬਾਦਸ਼ਾਹ ਹੈ। ਜਿਸ ਨੂੰ ਇਹ 'ਕਲਮ ਦਾ 'ਹੁਸਨ' ਮਿਲ ਜਾਵੇ, ਉਹਨੂੰ ਕਿਸੇ ਚੀਜ਼ ਦੀ ਕਮੀ ਨਹੀਂ ਰਹਿੰਦੀ। ਇਸ ਲਈ ਲੇਖਕ ਦੇ ਨਿਜਤਵ ਬਾਰੇ ਸੂਹਾਂ ਜਾਂ ਬਿੜਕਾਂ ਲੈਣ ਨਾਲੋਂ ਉਹਦੀ ਲਿਖਤ ਨਾਲ ਸਰੋਕਾਰ ਹੋਣਾ ਅੱਛਾ ਹੁੰਦਾ।

ਪਿਆਰੇ ਦੋਸਤੋ,ਮੇਰਾ ਖ਼ਿਆਲ ਹੈ ਕਿ ਹਰ ਲੇਖਕ ਆਪਣੀ ਕਿਰਤ (ਰਚਨਾ) ਆਪਣੇ ਉਜਲੇ ਮਨ ਰਾਹੀਂ ਪੂਰੀ ਮਿਹਨਤ ਕਰ ਕੇ ਰਚਦਾ ਹੈ। ਚੰਗੀ ਲਿਖਿਤ ਲਈ ਪੂਰੀ ਇਕਾਗਰਤਾ ਅਤੇ ਅੱਪਡੇਟ ਗਿਆਨ ਦੀ ਜ਼ਰੂਰਤ ਹੁੰਦੀ ਹੈ। ਪਾਠਕਾਂ ਦਾ ਵੀ ਫ਼ਰਜ਼ ਬਣਦਾ ਕਿ ਜੇ ਉਨ੍ਹਾਂ ਨੂੰ ਕਿਤੇ ਕੋਈ ਕਮੀ-ਪੇਸ਼ੀ ਦਿਸੇ ਤਾਂ ਉਸ ਨੂੰ ਯੋਗ ਸ਼ਬਦਾਂ ਰਾਹੀ ਬਿਆਨ ਕੀਤਾ ਜਾਵੇ,ਤਾਂ ਜੋ ਲੇਖਕ ਉਸ ਨੂੰ ਧਿਆਨ ਵਿਚ ਰੱਖ ਕੇ ਵਿਚਾਰ ਕਰ ਸਕੇ।

ਇਹ ਸਾਰੀਆਂ ਲਿਖਤਾਂ ਆਪਣੀ ਵਿਰਾਸਤ ਬਣ ਜਾਂਦੀਆਂ ਹਨ। ਇਨ੍ਹਾਂ ਨੂੰ ਪੜ੍ਹ ਕੇ ਸਾਡੀ ਸੋਚਣ ਦੀ ਸਮਰੱਥਾ ਵਿਚ ਵੀ ਵਾਧਾ ਹੁੰਦਾ ਹੈ ਅਤੇ ਸਮੇਂ ਵਿਚ ਹੁੰਦੀਆਂ ਪ੍ਰਵਿਰਤੀਆਂ ਦੇ ਕਈ ਪਹਿਲੂ ਵੀ ਉਜਾਗਰ ਕਰਦੀਆਂ ਦਾ ਪਤਾ ਲੱਗਦਾ ਹੈ। ਸੋ, ਸੁਚੇਤ ਹੋ ਕੇ ਲਿਖਣਾ,ਪੜ੍ਹਨਾ ਅਤੇ ਸਹੀ ਅਲੋਚਨਾ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਮਿਆਰੀ ਸਾਹਿਤ ਦੀ ਰਚਨਾ ਹੁੰਦੀ ਰਹੇ ਅਤੇ ਸਾਨੂੰ ਗਿਆਨ ਪੱਖੋਂ ਲਾਹੇਵੰਦ ਹੁੰਦਾ ਰਹੇ,ਨਹੀਂ ਤਾਂ ਹਵਾ ‘ਚ ਬਹੁਤ ਉੱਚੀਆਂ ਗੱਲਾਂ ਕਰਦੇ ਹਾਂ ਕਿ ਅਸੀਂ ਆਪਣੀ ਮਾਂ ਬੋਲੀ ਦੀ ਸੇਵਾ ਕਰ ਰਹੇ ਹਾਂ ਜੋ ਕਿ ਮਜ਼ਾਕ ਤੋਂ ਬਿਨਾਂ ਕੁਝ ਨਹੀਂ ਹੁੰਦਾ।

ਕਿਰਪਾ ਕਰਕੇ ਮੇਰੇ ਇਸ ਖੁੱਲ੍ਹੇ ਪ੍ਰਗਟਾਵੇ ਲਈ ਮਾਫ਼ ਕਰਨਾ।



**ਸੁਰਜੀਤ ਸਿੰਘ ਭੁੱਲਰ**

# (ਪੱਤਰਕਾਰਾਂ ਦੀ ਮੰਨਣੀ ਪੈਂਦੀ)

ਮੈਂ ਜਦੋਂ ਜੰਮਿਆ, ਦੇਸ਼ ਆਜ਼ਾਦ ਹੋ ਗਿਆ,। ਪਰ ਵਿਚਾਰਾਂ ਦੇ ਵਖਰੇਵੇਂ ਕਾਰਨ, ਜਵਾਹਰ ਲਾਲ ਨਹਿਰੂ,ਪਟੇਲ ਤੇ ਮਹਾਤਮਾ ਗਾਂਧੀ ਨਾਲ ਵਿਚਾਰਾਂ ਦਾ ਵਖਰੇਵਾਂ, ਮੁਹੰਮਦ ਅਲੀ ਜਿਨਾਹ ਨੂੰ ਵੱਖਰਾ ਮੁਲਕ ਬਣਾਉਣ ਲਈ ਅੰਗਰੇਜ਼ਾਂ ਕੋਲ ਵਾਸਤਾ ਪਾਉਣਾ ਪਿਆ। ਸਾਰੇ ਜਹਾਂ ਸੇ ਅੱਛਾ ਹਿੰਦੁਸਤਾਨ ਹਮਾਰਾ, ਕਹਿਣ ਵਾਲੇ ਵੱਖਰੇ ਮੁਲਕ ਪਾਕਿਸਤਾਨ ਅਤੇ ਬੰਗਲਾਦੇਸ਼ ਚਲੇ ਗਏ।

ਆਪਣੀ ਗੱਲ ਕਹਿਣ ਲਈ ਮੇਰੀ ਮੁਹਾਰਤ ਕਵਿਤਾ ਵਿੱਚ ਸੀ, ਪਰ ਮੇਰਾ ਵੀਰ ਰਮੇਸ਼ਵਰ ਸਿੰਘ ਕਹਿਣ ਲੱਗਿਆ, ਲੋਕੀਂ ਕਵਿਤਾ ਨੂੰ ਨਹੀਂ, ਵਾਰਤਕ ਨੂੰ ਜਿਆਦਾ ਪਸੰਦ ਕਰਦੇ ਹਨ। ਰਮੇਸ਼ਵਰ ਸਿੰਘ ਜੀ ਪੱਤਰਕਾਰ ਜੂ ਹੋਏ, ਉਨ੍ਹਾਂ ਦੀ ਮੰਨਣੀ ਹੀ ਪੈਂਦੀ ਹੈ। ਹੁਣ ਮੈਨੂੰ ਵਾਰਤਕ ਦਾ ਪਾਠ ਵੀ ਪੜਨਾ ਹੀ ਪਵੇਗਾ।

ਵਿਚਾਰਾਂ ਦੇ ਵਖਰੇਵੇਂ ਕਾਰਨ ਜੇ ਇਤਿਹਾਸ ਨੂੰ ਪੜੀਏ, ਤਾਂ ਕਈ ਦੇਸ਼ਾਂ ਦੇ ਟੁਕੜੇ ਹੋਣ ਦੀ ਕਹਾਣੀ ਸਮਝ ਆਉਂਦੀ ਹੈ। ਇੱਕ ਦੇਸ਼ ਹੁੰਦਾ ਸੀ, ਚੈਕੋਸਲੋਵਾਕੀਆ,ਕਜਾਖ ਤੇ ਸਲੋਵਾਕ ਲੋਕਾਂ ਦੀ। ਵਿਚਾਰਧਾਰਾ ਮਿਲੀ ਨਹੀਂ,। ਦੋ ਦੇਸ਼ ਬਣ ਗਏ, ਕਜ਼ਾਕਿ-ਸਤਾਨ ਅਤੇ ਸਲੋਵਾਕੀਆ। ਕੋਰੀਆ ਦੇ ਦੋ ਦੇਸ਼ ਬਣ ਗਏ, ਉੱਤਰੀ ਕੋਰੀਆ ਦੱਖਣੀ ਕੋਰੀਆ। ਵੀਅਤਨਾਮ ਦੇ ਦੋ ਦੇਸ਼ ਬਣ ਗਏ,ਉੱਤਰੀ ਵੀਅਤਨਾਮ, ਦੱਖਣੀ ਵੀਅਤਨਾਮ। ਮਹਾਤਮਾ ਬੁੱਧ,ਆਪਣੇ ਪਿਤਾ ਦੀ ਲੜਾਈ ਨਾਲ, ਇਲਾਕੇ ਜਿੱਤਣ ਦੀ ਪਰੰਪਰਾ ਨੂੰ, ਅੱਗੇ ਤੋਰਦੇ ਹੋਏ ਨੇ, ਬਹੁਤ ਯੁੱਧ ਲੜੇ, ਜਿੱਤ ਜਿੱਤ ਕੇ ਤੰਗ ਆ ਗਿਆ। ਮਨ ਦੀ ਸ਼ਾਂਤੀ ਲਈ, ਪੇੜ ਥੱਲੇ ਸਮਾਧੀ ਲਾਈ, ਸਮਾਧੀ ਚ ਲੀਨ ਹੋ ਗਿਆ। ਫਿਰ ਗਿਆਨ ਹੋਇਆ, ਕਾਹਦੇ ਵਾਸਤੇ ਲੜਾਈਆਂ ਲੜੀਆਂ। ਬੁੱਧ ਧਰਮ ਬਣਿਆ, ਹਿੰਦੂਆਂ ਨੇ ਮਾਨਤਾ ਨਾ ਦਿੱਤੀ ਤਾਂ ਨੇਪਾਲ ਦੇ ਰਸਤੇ ਚੀਨ ਪਹੁੰਚ ਗਿਆ , ਜਿੱਥੇ ਬੋਧੀ ਮੱਤ ਨੂੰ ਮਾਨਤਾ ਮਿਲੀ। ਨੇਪਾਲ ਚੀਨ, ਕੋਰੀਆ, ਜਪਾਨ, ਵੀਅਤਨਾਮ, ਕੰਬੋਡੀਆ, ਬਰਮਾ ਅਤੇ ਸ੍ਰੀ ਲੰਕਾ ਵਿੱਚ ਫੈਲਿਆ ਤੇ ਪਣਪਿਆ। ਕੋਰੀਆ, ਉੱਤਰੀ ਤੇ ਦੱਖਣੀ ਵਿੱਚ ਵੰਡਿਆ ਗਿਆ। ਵੀਅਤਨਾਮ ਉੱਤਰੀ ਅਤੇ ਦੱਖਣੀ ਵਿੱਚ ਵੰਡਿਆ ਗਿਆ। ਬਰਮਾ ਦਾ ਨਾਮ ਬਦਲ ਕੇ ਮੀਆਂਮਾਰ ਰੱਖਿਆ ਗਿਆ, ਉਥੇ ਬੋਧੀਆ, ਹਿੰਦੂਆਂ ਅਤੇ ਮੁਸਲਮਾਨਾਂ ਵਿੱਚ ਕਸ਼ਮਕਸ਼ ਚਲਦੀ ਰਹਿੰਦੀ ਹੈ।

ਇੱਕ ਵੱਖਰਾ ਮਹਾਂਦੀਪ ਹੈ ਆਸਟ੍ਰੇਲੀਆ। ਬਹੁਤ ਸੋਹਣਾ ਅਤੇ ਸਿਆਣੇ ਮਨੁੱਖਾਂ ਦਾ ਵਸੇਬਾ। ਕਿਸੇ ਕਿਸਮ ਦੀ ਕੋਈ ਲੜਾਈ ਝਗੜਾ ਨਹੀਂ। ਇਸਾਈ ਮੱਤ ਨੂੰ ਮੰਨਣ ਵਾਲੇ ਜ਼ਿਆਦਾ ਲੋਕ ਹਨ। ਦੂਸਰੇ ਧਰਮਾਂ ਦੇ ਲੋਕਾਂ ਨਾਲ ਕੋਈ ਪੱਖਪਾਤ ਨਹੀਂ ਕਰਦੇ। ਸਭ ਨੂੰ ਆਪਣੇ ਧਰਮ ਮੰਨਣ ਦੀ ਮਾਨਤਾ ਹੈ। ਕੋਈ ਕੱਟੜਵਾਦੀ ਨਹੀਂ। ਕਿਸੇ ਪਹਿਰਾਵੇ ਤੇ ਜਾਤ ਪਾਤ ਜਾਂ ਧਰਮ ਤੇ ਪਬੰਦੀ ਨਹੀਂ। ਬਹੁਤ ਖੁੱਲਾ ਖੁੱਲਾ ਵਸਿਆ ਹੋਇਆ ਹੈ ਵਾਤਾਵਰਣ ਬਿਲਕੁਲ ਸਾਫ, ਸੁਥਰਾ, ਤਾਜਗੀ ਭਰਿਆ ਰਹਿੰਦਾ ਹੈ॥ ਟਰੈਫਿਕ ਦੇ ਨਿਯਮ ਬਹੁਤ ਸਖਤ ਹਨ। ਜੇ ਸਕੂਲ ਦੇ ਅੱਗਿਓਂ ਲੰਘ ਰਹੇ ਹੋ ਉੱਥੇ ਦੱਸ ਦੀ ਸਪੀਡ ਹੁੰਦੀ ਹੈ ਤੇ ਦਸ ਦੀ ਗਤੀ ਤੇ ਹੀ ਚੱਲਣਾ ਪੈਂਦਾ ਹੈ, ਨਹੀਂ ਤਾਂ ਇਤਨਾ ਜੁਰਮਾਨਾ ਹੁੰਦਾ ਹੈ, ਤੁਹਾਡੀ ਦਸਾਂ ਦਿਨਾਂ ਦੀ ਕਮਾਈ ਇੱਕ ਚਲਾਨ ਵਿੱਚ ਹੀ ਖਤਮ ਹੋ ਜਾਂਦੀ ਹੈ। ਜੇ 130 ਦੀ ਸਪੀਡ ਤੇ ਲਿਖਿਆ ਹੈ ਉਸ ਤੋਂ ਇੱਕ ਦੋ ਪੁਆਇੰਟ ਘੱਟ ਵੱਧ ਤੇ ਚਲਾ ਸਕਦੇ ਹੋ। ਜੇ ਇੱਕ ਤੋਂ ਵੱਧ ਵਾਰੀ ਗਲਤੀ ਕਰਦੇ ਹੋ ਤਾਂ ਤੁਸੀਂ ਤਿੰਨ ਸਾਲ ਵਾਸਤੇ ਗੱਡੀ ਚਲਾਉਣ ਤੋਂ ਵਾਂਝੇ ਹੋ ਸਕਦੇ ਹੋ। ਗੱਡੀ ਤੋਂ ਬਿਨਾਂ ਤੁਸੀਂ ਕਮਾਈ ਵੀ ਨਹੀਂ ਕਰ ਸਕਦੇ ਕਿਉਂਕਿ ਕੰਮ ਕਰਨ ਵਾਲੀਆਂ ਥਾਵਾਂ ਵੀ ਦੂਰ ਦੂਰ ਤੱਕ ਹੁੰਦੀਆਂ ਹਨ। ਸੁੱਖਾਂ ਦੇ ਨਾਲ ਦੁੱਖ ਵੀ ਆਉਂਦੇ ਹਨ।



**ਅਮਰਜੀਤ ਸਿੰਘ ਤੂਰ**
**ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ ਬ੍ਰਿਸਬੇਨ, ਆਸਟ੍ਰੇਲੀਆ**
**ਫੋਨ ਨੰਬਰ : 9878469639**


# ਪੁਸਤਕਾਂ ਦੀ ਐਡਵਰਟਾਈਜ਼ਮੈਂਟ

## ਗਿਆਨ ਅਤੇ ਦਾਨ ਨਾਲ-ਨਾਲ






















**ਹਾਸ-ਵਿਅੰਗ ਲੇਖਕ ਭਗਵਾਨ ਸਿੰਘ ਤੱਗੜ ਦੀਆਂ ਪੁਸਤਕਾਂ ਖਰੀਦਨ ਲਈ ਈ-ਮੇਲ ਰਾਹੀਂ ਜਾਂ ਫੋਨ ਰਾਹੀਂ ਸੰਪਰਕ ਕਰੋ ਜੀ, ਪੰਜਾਬੀ ਅਤੇ ਹਿੰਦੀ ਪੁਸਤਕਾਂ ਦੀ ਕੀਮਤ £5 +ਡਾਕ ਖਰਚ ਅਤੇ ਇੰਗਲਿਸ਼ ਨਾਵਲ £7+ਡਾਕ ਖਰਚ। ਇਹ ਪੁਸਤਕਾਂ ਦਾ ਪੈਸਾ ਕੈਂਸਰ ਅਤੇ ਅੱਖਾਂ ਦੀ ਚੇਰੀਟੀ ਨੂੰ ਭੇਜਿਆ ਜਵੇਗਾ।**

| | | |
|---|---|---|
| ਭਿਖਾਰੀ ਯੂਨੀਅਨ | ਪੰਜਾਬੀ ਹਾਸ ਵਿਅੰਗ | £5 |
| ਮੂਰਖਾਂ ਦੀ ਮਹਿਫਿਲ | ਪੰਜਾਬੀ ਹਾਸ ਵਿਅੰਗ | £5 |
| ਇਕ ਗਧੇ ਨਾਲ ਮੁਲਾਕਾਤ | ਪੰਜਾਬੀ ਹਾਸ ਵਿਅੰਗ | £5 |
| ਜਵਾਲਾਮੁਖੀ | ਪੰਜਾਬੀ ਨਾਵਲ | £5 |
| ਫਲੈਟ ਤੋਂ ਫਲੈਟ ਤੱਕ | ਪੰਜਾਬੀ ਕਹਾਨੀ | £5 |
| ਗਾਇਕ ਬੇਸੁਰਾ ਜੀ ਸੇ ਸਾਕਸ਼ਾਤਕਾਰ | ਹਿੰਦੀ ਹਾਸ ਰਸ | £5 |
| ਅਖਿਲ ਭਾਰਤੀਅ ਖਿਚੜੀ ਸੱਮੇਲਨ | ਹਿੰਦੀ ਹਾਸ ਰਸ | £5 |
| ਵੋਲਕੈਨੋ | ਇੰਗਲਿਸ਼ ਸੋਸ਼ਲ ਨਾਵਲ | £7 |
| ਇਰੈਡੀਚੇਸ਼ਨ ਔਫ਼ ਈਵਲ ਨਾਵਲ | ਕਰਾਈਮ ਥਰਿਲਰ | £7 |

# ਮੈਨੂੰ ਮੇਰੇ ਸਮਾਜ ਦੇ ਪੜ੍ਹੇ-ਲਿਖੇ ਲੋਕਾਂ ਨੇ ਧੋਖਾ ਦਿੱਤਾ - ਕੀ ਡਾ. ਅੰਬੇਡਕਰ ਦਾ ਗਿਲਾ ਅਸਲ ਵਿੱਚ ਇੱਕ ਚੇਤਾਵਨੀ ਸੀ?

**(ਜੋੜਨ ਲਈ ਪਿਛਲਾ ਅੰਕ ਦੇਖੋ)**

ਖ਼ਪਤ ਕਲਚਰ 'ਚ ਲੁਪਤ ਇਨ੍ਹਾਂ ਦੇ ਬੱਚਿਆਂ ਨੂੰ ਡਾਕਟਰ ਅੰਬੇਡਕਰ ਬਾਰੇ ਬਹੁਤ ਘੱਟ ਜਾਣਕਾਰੀ ਹੁੰਦੀ ਹੈ। ਅਜਿਹੇ ਸਰਕਾਰੀ ਬਾਬੂ ਰਿਟਾਇਰਮੈਂਟ ਤੋਂ ਬਾਅਦ ਆਪਣੇ ਨਿੱਜੀ ਹਿੱਤਾਂ ਲਈ ਅੰਬੇਡਕਰ ਦੀ ਸੋਚ ਤੋਂ ਉਲਟ ਸੋਚ ਰੱਖਣ ਵਾਲੀ ਰਾਜਨਿਤਕ ਪਾਰਟੀ ਵਿੱਚ ਸ਼ਾਮਿਲ ਹੋ ਕੇ ਆਪਣੇ ਲੋਕਾਂ ਨੂੰ ਗੁੰਮਰਾਹ ਕਰਨ ਲੱਗ ਜਾਂਦੇ ਹਨ। ਅਜਿਹੇ ਅਫ਼ਸਰ ਨੌਕਰੀ ਦੌਰਾਨ ਵੀ ਡਾਕਟਰ ਅੰਬੇਡਕਰ ਨਾਲ ਧੋਖਾ ਕਰਦੇ ਹਨ ਤੇ ਨੌਕਰੀ ਤੋਂ ਬਾਅਦ ਵੀ ਡਾਕਟਰ ਅੰਬੇਡਕਰ ਨਾਲ ਗਦਾਰੀ ਕਰਦੇ ਹਨ।ਡਾਕਟਰ ਅੰਬੇਡਕਰ ਦੀ ਸੋਚ ਸੀ ਕਿ ਜਿਸ ਸਮਾਜ ਵਿੱਚ 10 ਵਕੀਲ, 20 ਡਾਕਟਰ ਅਤੇ 30 ਇੰਜੀਨੀਅਰ ਹੋਣਗੇ ਉਸ ਸਮਾਜ ਦੀ ਤਰਫ਼ ਕੋਈ ਅੱਖ ਉਠਾ ਕੇ ਨਹੀਂ ਦੇਖ ਸਕੇਗਾ। ਲੇਕਿਨ ਡਾਕਟਰ ਅੰਬੇਡਕਰ ਦੀ ਇਸ ਸੋਚ ਨੂੰ ਅਸੀਂ ਗ਼ਲਤ ਸਾਬਿਤ ਕਰ ਦਿੱਤਾ। ਅੱਜ ਕਿੰਨੇ ਹੀ ਵਕੀਲ ਸਮਾਜ ਵਿੱਚ ਹਨ, ਕਿੰਨੇ ਹੀ ਡਾਕਟਰ ਸਮਾਜ ਵਿੱਚ ਹਨ ਅਤੇ ਕਿੰਨੇ ਹੀ ਇੰਜਨੀਅਰ ਮੌਜੂਦ ਹਨ। ਇਸਦੇ ਇਲਾਵਾ ਤਹਿਸੀਲਦਾਰ, ਆਈ.ਏ.ਐਸ., ਆਈ.ਪੀ.ਐਸ., ਡੀ.ਐਸ.ਪੀ, ਐਸ.ਐਸ.ਪੀ. ਅਤੇ ਹੋਰ ਅਫ਼ਸਰ ਕੇਵਲ ਬਾਬਾ ਸਾਹਿਬ ਦੇ ਸਖ਼ਤ ਮਿਹਨਤ ਦੇ ਕਾਰਨ ਹੀ ਬਣੇ ਹਨ। ਬੇਸ਼ੱਕ ਉਹ ਇਹ ਕਹਿਣ ਕਿ ਅਸੀਂ ਆਪਣੀ ਮਿਹਨਤ ਨਾਲ ਬਣੇ ਹਾਂ ਪਰ ਇਹ ਇਨ੍ਹਾਂ ਦਾ ਇੱਕ ਭਰਮ ਹੀ ਹੈ। ਕੀ 1950 ਤੋਂ ਪਹਿਲਾਂ ਇਨ੍ਹਾਂ ਦੇ ਪੂਰਵਜ ਮਿਹਨਤ ਨਹੀਂ ਕਰਦੇ ਸਨ? ਜ਼ਰਾ ਇਨ੍ਹਾਂ ਨੂੰ ਪੁੱਛੋ ਕਿ ਇਹ ਸਮਾਜ ਕਿੱਥੇ ਖੜ੍ਹਾ ਸੀ, ਸਿਰਫ 75 ਸਾਲ ਪਹਿਲਾ। ਜਦੋਂ ਆਜ਼ਾਦ ਭਾਰਤ ਦਾ ਸੰਵਿਧਾਨ ਨਹੀਂ ਸੀ ਬਣਿਆ। ਹਜ਼ਾਰਾਂ ਸਾਲਾਂ ਤੋਂ 'ਸ੍ਰਿਸ਼ਟੀ ਦੇ ਰਚਣਹਾਰ' ਨੇ ਇਨ੍ਹਾਂ ਦੀ ਕਿਸਮਤ 'ਚ ਕੋਈ ਅਧਿਕਾਰ ਤਾਂ ਕੀ ਲਿਖਣਾ ਸੀ ਸਗੋਂ ਮੱਥੇ 'ਤੇ ਬਦਨਸੀਬ, ਬਦਕਿਸਮਤ, ਬਦਜਾਤ ਤੇ ਨੀਚ ਦੀ ਮੋਹਰ ਲਗਾ ਕੇ ਧਰਤੀ ਦੀਆਂ ਗੰਦੀਆਂ ਬਦਸੂਰਤ ਬਸਤੀਆਂ ਵਿੱਚ ਭੇਜ ਦਿੱਤਾ ਸੀ! ਪ੍ਰੰਤੂ ਡਾਕਟਰ ਅੰਬੇਡਕਰ ਨੇ ਉਹਨਾਂ ਬਸਤੀਆਂ ਦੀ ਤਕਦੀਰ ਬਦਲਣ ਲਈ ਜੋ ਸੰਘਰਸ਼ ਕੀਤਾ, ਜੋ ਕ੍ਰਾਂਤੀ ਕੀਤੀ ਉਸ ਦਾ ਨਤੀਜ਼ਾ ਤੁਸੀਂ ਆਪਣੇ ਪਹਿਰਾਵੇ, ਵਿੱਦਿਆ, ਕਾਰ ਅਤੇ ਆਪਣੀ ਕੋਠੀ 'ਚ ਪਏ ਮਹਿੰਗੇ ਫਰਨੀਚਰ ਨੂੰ ਵੇਖ ਕੇ ਅਸਾਨੀ ਨਾਲ ਲਗਾ ਸਕਦੇ ਹੋ। ਕੀ ਕੋਈ ਭਗਵਾਨ ਅੱਜ ਤੱਕ ਅਜਿਹਾ ਕਰ ਸਕਿਆ ਹੈ? ਕੀ ਇਨ੍ਹਾਂ ਦੀ ਪੂਜਾ, ਭਗਤੀ, ਅਰਾਧਨਾ, ਧਾਰਮਿਕ ਯਾਤਰਾਵਾਂ, ਧਰਮ, ਅਣਗਿਣਤ ਭਗਵਾਨ ਇਨ੍ਹਾਂ ਨੂੰ ਉਹ ਕੁੱਝ ਦੇ ਸਕੇ, ਜੋ ਇੱਕੱਲੇ ਡਾਕਟਰ ਅੰਬੇਡਕਰ ਨੇ ਸੰਵਿਧਾਨ ਬਣਾ ਕੇ ਦੇ ਦਿੱਤਾ ਹੈ। ਜਿਵੇਂ ਕਿ ਪਹਿਲਾਂ ਹੀ ਜ਼ਿਕਰ ਕੀਤਾ ਜਾ ਚੁੱਕਿਆ ਹੈ ਕਿ ਭਾਵੇਂ ਬਾਬਾ ਸਾਹਿਬ ਦਾ ਸ਼ਿਕਵਾ ਬਹੁਜਨ ਸਮਾਜ ਦੇ ਪੜ੍ਹੇ-ਲਿਖੇ ਵਰਗ 'ਤੇ ਅੱਜ ਵੀ ਢੁੱਕਦਾ ਹੈ ਪਰ ਫਿਰ ਵੀ ਕੁੱਝ ਅਜਿਹੇ ਜਾਗਦੇ ਤੇ ਜੁਝਾਰੂ ਨੌਜਵਾਨ ਹਨ ਜਿਨ੍ਹਾਂ ਨੇ ਆਮ ਲੋਕਾਂ ਨੂੰ ਸੰਵਿਧਾਨ ਅਤੇ ਮੌਲਿਕ ਅਧਿਕਾਰਾਂ ਦਾ ਅਸਲੀ ਅਰਥ ਸਮਝਾਇਆ। ਵੋਟ ਦਾ ਅਧਿਕਾਰ, ਲੋਕਤੰਤਰ ਅਤੇ ਸਰਕਾਰਾਂ ਦੀ ਬਣਤਰ ਦੀ ਸਹੀ ਤੇ ਸਮਝ ਪੈਣ ਵਾਲੀ ਵਿਆਖਿਆ ਕੀਤੀ। ਵੋਟ ਦੀ ਅਸਲ ਕੀਮਤ, ਸ਼ਾਸਨ ਤੇ ਪ੍ਰਸ਼ਾਸਨ ਦੇ ਅਰਥ ਆਮ ਪੇਂਡੂਆਂ ਨੂੰ ਵੀ ਸਮਝਾਉਣ ਦੀ ਕੋਸ਼ਿਸ਼ ਕੀਤੀ। ਇਹ ਨੌਜਵਾਨ ਇਹ ਦੱਸਣ ਲਈ ਤੱਤਪਰ ਰਹਿੰਦੇ ਹਨ ਕਿ ਸੰਵਿਧਾਨ ਰਾਹੀਂ ਮਿਲਿਆ ਰਾਖਵਾਂਕਰਨ ਗਾਂਧੀ, ਨਹਿਰੂ ਜਾਂ ਕਾਂਗਰਸ ਦੀ ਦੇਣ ਨਹੀਂ ਬਲਕਿ ਸ਼ਾਹੂ ਛਤਰਪਤੀ ਅਤੇ ਡਾ. ਅੰਬੇਡਕਰ ਦੀ ਦੇਣ ਹੈ। ਇਹ ਉਹ ਜਾਗਦੇ ਲੋਕ ਹਨ ਜੋ ਅੱਜ ਵੀ ਲੋਕਾਂ ਨੂੰ ਪਿੰਡ-ਪਿੰਡ, ਗਲੀ-ਗਲੀ, ਸ਼ਹਿਰ-ਸ਼ਹਿਰ ਘੁੰਮ ਕੇ ਸਮਝਾਉਣ ਲਈ ਯਤਨਸ਼ੀਲ ਰਹਿੰਦੇ ਹਨ।

ਡਾਕਟਰ ਭੀਮ ਰਾਓ ਅੰਬੇਡਕਰ ਦਾ ਸ਼ਿਕਵਾ ਦੂਰ ਕਰਨ ਲਈ ਪੜ੍ਹੇ-ਲਿਖੇ ਵਰਗ ਨੂੰ ਸਪੁੱਤਰ ਬਣ ਕੇ ਬਾਬਾ ਸਾਹਿਬ ਦੇ ਕਾਫ਼ਲੇ ਨੂੰ ਅੱਗੇ ਵਧਾਉਣ ਲਈ ਬਹੁਨੁਕਾਤੀ ਪ੍ਰੋਗਰਾਮ ਉਲੀਕਣ ਦੀ ਲੋੜ੍ਹ ਹੈ। ਜਿਵੇਂ ਕਿ:



1. ਸਭ ਤੋਂ ਪਹਿਲਾਂ ਦਲਿਤ ਸਮਾਜ ਦੇ ਪੜ੍ਹੇ-ਲਿਖੇ ਵਰਗ ਅਤੇ ਉਨ੍ਹਾਂ ਦੇ ਬੱਚਿਆਂ ਨੂੰ ਇਹ ਗੱਲ ਸਮਝ ਲੈਣੀ ਚਾਹੀਦੀ ਹੈ ਕਿ ਬਾਬਾ ਸਾਹਿਬ ਦੀ ਬਦੌਲਤ ਹੀ ਉਨ੍ਹਾਂ ਨੂੰ ਪੜ੍ਹਾਈ, ਨੌਕਰੀ, ਕਾਰ ਤੇ ਕੋਠੀ ਨਸੀਬ ਹੋਈ ਹੈ ਨਾ ਕਿ ਕਿਸੇ ਬਾਬੇ ਦੀ ਮਜ਼ਾਰ 'ਤੇ ਚੋਂਕੀ ਭਰਨ ਨਾਲ, ਕਿਸੇ ਬਾਬੇ ਦੀ ਪੂਜਾ ਜਾਂ ਕਿਸੇ ਦੇਵੀ ਦੇਵਤੇ ਦਾ ਵਰਤ ਰੱਖਣ ਨਾਲ। ਖ਼ਾਸ ਤੌਰ 'ਤੇ ਸਰਕਾਰੀ ਬਾਬੂਆ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਸੰਵਿਧਾਨ ਲਾਗੂ ਹੋਣ ਤੋਂ ਪਹਿਲਾਂ ਦੇ ਸਮਾਜਿਕ ਹਾਲਤਾਂ ਤੋਂ ਜ਼ਰੂਰ ਜਾਣੂ ਕਰਾਉਣ। ਜੇ ਬਾਬਾ ਸਾਹਿਬ ਵੀ ਸਿਰਫ਼ ਆਪਣੇ ਬਾਰੇ ਹੀ ਸੋਚਦੇ ਤਾਂ ਇਹ ਲੋਕ ਅੱਜ ਵੀ ਪਿੰਡਾਂ ਤੇ ਸ਼ਹਿਰਾਂ ਤੋਂ ਬਾਹਰ ਕੁੱਲੀਆਂ 'ਚ ਬੁਨੀਆਦੀ ਸ਼ਹੂਲਤਾਂ ਤੋਂ ਸੱਖਣਾ ਜੀਵਨ ਬਤੀਤ ਕਰ ਰਹੇ ਹੁੰਦੇ। (ਅੱਖਾਂ ਬੰਦ ਕਰਕੇ ਸਿਰਫ ਮਹਿਸੂਸ ਕਰਕੇ ਦੇਖੋ ਨਾਨੀ ਯਾਦ ਆ ਜਾਵੇਗੀ!) ਅੰਬੇਡਕਰਵਾਦ ਦਲਿਤ ਵਰਗ ਦੀਆਂ ਸਾਰੀਆਂ ਸਮੱਸਿਆਵਾਂ ਦਾ ਹੱਲ ਹੈ। ਇਸ ਲਈ ਜ਼ਰੂਰੀ ਹੈ ਕਿ ਡਾਕਟਰ ਅੰਬੇਡਕਰ ਦੇ ਜੀਵਨ ਬਾਰੇ ਪੜ੍ਹ ਕੇ ਤੇ ਉਨ੍ਹਾਂ ਦੇ ਵਿੱਚਾਰਾਂ ਨੂੰ ਜਾਣ ਕੇ ਇਸ ਬਾਰੇ ਹੋਰਾਂ ਨੂੰ ਦੱਸੋ। ਗਿਆਨ ਪ੍ਰਾਪਤ ਹੋਣ ਦੇ ਨਾਲ ਹੀ ਕਲਪਨਿਕ ਬਾਬਿਆਂ ਦੀਆਂ ਫੋਟੋਆਂ ਘਰੋਂ ਗਾਇਬ ਹੋ ਜਾਣਗੀਆਂ, ਰਾਹੂ, ਕੇਤੂ ਤੁਹਾਡੇ ਮੋਢਿਆਂ ਤੋਂ ਉਤਰ ਕੇ ਦੂਰ ਭੱਜ ਜਾਣਗੇ, ਤੁਹਾਡੀ ਕੁੰਡਲੀ ਦੀਆਂ ਸਾਰੀਆਂ ਗੁੰਝਲਾਂ ਸੁਲਝ ਜਾਣਗੀਆਂ ਤੇ ਸ਼ੁੱਭ-ਅਸ਼ੁਭ ਦੇ ਕੁਚੱਕਰ 'ਚੋ ਨਿੱਕਲ ਕੇ ਤੁਸੀਂ ਬਾਬਿਆਂ ਦੀਆਂ ਚੋਂਕੀਆਂ ਭਰਨਾ ਵੀ ਭੁੱਲ ਜਾਉਂਗੇ।

2. ਗਿਆਨ ਨੂੰ ਹਥਿਆਰ ਬਣਾਓ ਨਾ ਕਿ ਸਿਰਫ਼ ਨੌਕਰੀ ਦਾ ਸਾਧਨ। ਦਲਿਤ ਸਾਹਿਤ ਪੜ੍ਹੋ, ਜੇਕਰ ਤੁਹਾਨੂੰ ਆਪ ਨੂੰ ਕੁੱਝ ਪਤਾ ਹੋਵੇਗਾ ਤਾਂ ਹੀ ਦੂਜਿਆਂ ਨੂੰ ਕੁੱਝ ਦੱਸੋਗੇ। ਡਾਕਟਰ ਅੰਬੇਡਕਰ ਸਿੱਖਿਆ ਨੂੰ 'ਮੁਕਤੀ ਦਾ ਹਥਿਆਰ' ਮੰਨਦੇ ਸਨ। ਜੋ ਵਿਅਕਤੀ ਆਪਣੇ ਘਰ ਵਿੱਚ ਚਾਨਣ ਕਰਕੇ ਦੂਜੇ ਨੂੰ ਹਨ੍ਹੇਰੇ ਵਿੱਚ ਛੱਡ ਦਿੰਦਾ ਹੈ, ਉਹ ਸੱਚਾ ਅੰਬੇਡਕਰਵਾਦੀ ਨਹੀਂ ਹੋਂ ਸਕਦਾ। ਇਸ ਲਈ ਸਮਾਜ ਦੇ ਪੜ੍ਹੇ-ਲਿਖੇ ਵਿਅਕਤੀਆਂ ਨੂੰ 'ਗਿਆਨ ਦਾਨ ਮਹਾਂ ਦਾਨ' ਦਾ ਸਿਧਾਂਤ ਅਪਣਾ ਕੇ ਆਮ ਲੋਕਾਂ ਵਿੱਚ ਵੀ ਵਿੱਦਿਆ ਦਾ ਪ੍ਰਸਾਰ ਕਰਨਾ ਚਾਹੀਦਾ ਹੈ।ਇਸ ਤੋਂ ਇਲਾਵਾ ਉਨ੍ਹਾਂ ਨੂੰ ਚਾਹੀਦਾ ਹੈ ਕਿ ਉਹ ਸਮਾਜ ਸੇਵਾ ਵਿੱਚ ਹਿੱਸਾ ਲੈਣ ਤੇ ਆਪਣੇ ਵਰਗ ਦੇ ਗ਼ਰੀਬ, ਪਿੱਛੜੇ ਜਾਂ ਵੰਚਿਤ ਲੋਕਾਂ ਦੀਆਂ ਸਮੱਸਿਆਵਾਂ ਤੇ ਮਜ਼ਬੂਰੀਆਂ ਸਮਝ ਕੇ ਉਨ੍ਹਾਂ ਦਾ ਹੱਲ ਕਰਨ। ਵਿੱਦਿਆ ਨੂੰ ਸਿਰਫ਼ ਨਿੱਜੀ ਹੀ ਨਹੀਂ ਸਗੋਂ ਹਮੇਸ਼ਾ ਜਨਹਿਤ ਵਿੱਚ ਵਰਤਿਆ ਜਾਣਾ ਚਾਹੀਦਾ ਹੈ। ਅੱਜ ਦਾ ਪੜ੍ਹਿਆ ਲਿਖਿਆ ਵਰਗ ਜੇ ਆਪਣੀਆਂ ਨਵੀਂ ਪੀੜ੍ਹੀ ਨੂੰ ਅੰਬੇਡਕਰ ਦੇ ਸੰਘਰਸ਼ ਅਤੇ ਉਨ੍ਹਾਂ ਦੇ ਮਿਸ਼ਨ ਦੀ ਜਾਣਕਾਰੀ ਦੇਵੇ, ਤਾਂ ਸਮਾਜਿਕ ਪਰਿਵਰਤਨ ਸੰਭਵ ਹੈ।



**ਪ੍ਰੋ.ਫ਼ੈਸਰ ਮਨਜੀਤ ਤਿਆਗੀ**

**ਲੇਖਕ :**
**ਪ੍ਰੋ.ਫ਼ੈਸਰ ਮਨਜੀਤ ਤਿਆਗੀ**
**'ਸਟੇਟ ਐਵਾਰਡੀ'**
**ਮਾਲੇਰਕੋਟਲਾ/ਅੰਮ੍ਰਿਤਸਰ**
**ਫ਼ੋਨ: 9814096108**
**ਸੰਸਥਾਪਕ ਤੇ ਮੁੱਖ ਬੁਲ-ਾਰਾ: ਮਿਸ਼ਨ 'ਜ਼ਿੰਦਗੀ ਖ਼ੂਬਸੂਰਤ ਹੈ'**

3. ਪੜ੍ਹੇ ਲਿਖੇ ਵਰਗ ਨੂੰ ਚਾਹੀਦਾ ਹੈ ਕਿ ਆਪਣੇ ਸਮਾਜ ਦੇ ਲੋਕਾਂ ਨੂੰ ਸੇਧ ਦੇ ਕੇ ਓਹਨਾਂ ਦੇ ਜਾਤੀ ਸਰਟੀਫਿਕੇਟ ਬਣਾਉਣ, ਵਿਦਿਆਰਥੀਆਂ ਨੂੰ ਵਜੀਫ਼ਾ ਲਗਾਵਾਉਣ, ਲੋੜਵੰਦਾਂ ਨੂੰ ਪੈਨਸ਼ਨ ਲਗਵਾਉਣ ਅਤੇ ਹੋਰ ਸਰਕਾਰੀ ਸਹੂਲਤਾਂ ਦਾ ਲਾਭ ਦਿਵਾਉਣ ਲਈ ਸਮਾਂ ਜ਼ਰੂਰ ਕੱਢੇ।

4. ਕਈਆਂ ਨੂੰ ਲੱਗਦਾ ਹੈ ਕਿ ਉੱਚ-ਵਿੱਦਿਆ ਅਤੇ ਨੌਕਰੀ ਉਨ੍ਹਾਂ ਦੇ ਆਪਣੇ ਗੁਣਾ ਅਤੇ ਕਾਬਲੀਅਤ ਕਰਕੇ ਮਿਲੀ ਹੈ ਨਾਕਿ ਕਿਸੇ ਰਾਖਵਾਂਕਰਨ ਦੇ ਕਾਰਨ। ਇਨ੍ਹਾਂ ਨੂੰ ਪੁੱਛੋ ਕਿ ਜੇ ਇਨ੍ਹਾਂ ਨੂੰ ਸਕੂਲ ਵਿੱਚ ਵੜਨ ਹੀ ਨਾ ਦਿੱਤਾ ਜਾਂਦਾ ਤਾਂ ਕਿੱਧਰ ਜਾਂਦੀ ਇਹਨਾਂ ਦੀ ਕਾਬਲੀਅਤ। ਇਹ ਭੁੱਲ ਜਾਂਦੇ ਹਨ ਕਿ ਅੰਬੇਡਕਰ ਦੇ ਸਰਟੀਫ਼ਿਕੇਟ ਵਰਤ ਕੇ ਹੀ ਇਨ੍ਹਾਂ ਦੇ ਪਿਤਾ ਨੇ ਇਨ੍ਹਾਂ ਨੂੰ ਪੜ੍ਹਾਉਣ ਲਈ ਪੈਸੇ ਦਾ ਪ੍ਰਬੰਧ ਕੀਤਾ ਸੀ ਤੇ ਅੰਬੇਡਕਰ ਦੇ ਬਣਾਏ ਸੰਵਿਧਾਨ ਕਰਕੇ ਹੀ ਇਨ੍ਹਾਂ ਨੂੰ ਸਕੂਲ ਅੰਦਰ ਦਾਖਲੇ ਦਾ ਅਧਿਕਾਰ ਮਿਲਿਆ। ਅਜਿਹੇ ਬੰਦੇ ਆਪਣੇ ਇਤਹਾਸ ਦੇ ਗਿਆਨ ਦੀ ਘਾਟ ਕਾਰਨ ਜਗ੍ਹਾ-ਜਗ੍ਹਾ ਭਟਕਦੇ ਹੋਏ ਮੰਦਰਾਂ ਦੇ ਘੰਟੇ ਬਜਾਉਂਦੇ ਫਿਰਦੇ ਰਹਿੰਦੇ ਹਨ। ਇਸ ਘਟਨਾਕ੍ਰਮ ਵਿੱਚ ਸਰਧਾ ਵਿੱਚ ਡੁੱਬੀਆਂ ਔਰਤਾਂ ਮਹੱਤਵਪੂਨ ਭੂਮਿਕਾ ਨਿਭਾਉਂਦੀਆਂ ਹਨ। ਪੜ੍ਹਿਆਂ-ਲਿਖਿਆ ਇਹ ਵਰਗ ਆਪਣੇ ਸਮਾਜ ਲਈ ਬਹੁਤ ਘਾਤਕ ਸਿੱਧ ਹੁੰਦਾ ਹੈ ਕਿਉਂਕਿ ਅਨਪੜ੍ਹ ਲੋਕ ਦੇਖੋ-ਦੇਖੀ ਇਨ੍ਹਾਂ ਦੇ ਮਾਰਗ 'ਤੇ ਚੱਲਣ ਲੱਗਦੇ ਹਨ। ਇਹ ਵੀ ਕਿਹਾ ਜਾ ਸਕਦਾ ਹੈ ਕਿ ਇਹ ਹੀ ਉਹ ਲੋਕ ਹਨ ਜਿਨ੍ਹਾਂ ਨੂੰ ਡਾਕਟਰ ਅੰਬੇਡਕਰ ਨੇ ਕਿਹਾ ਸੀ ਕਿ ਮੈਨੂੰ ਮੇਰੇ ਸਮਾਜ ਦੇ ਪੜ੍ਹੇ ਲਿਖੇ ਲੋਕਾਂ ਨੇ ਧੋਖਾ ਦਿੱਤਾ। ਅਜਿਹੇ ਕੁਰਾਹੇ ਪਏ ਲੋਕਾਂ ਨੂੰ ਸਹੀ ਰਾਹ 'ਤੇ ਲਿਆ ਕੇ ਅਸਲੀਅਤ ਦੇ ਦਰਸਨ ਕਰਾਉਣ ਲਈ ਜ਼ਰੂਰੀ ਹੈ ਕਿ ਕੁੱਝ ਚੰਗੀਆਂ ਕਿਤਾਬਾਂ ਪੜ੍ਹਾ ਕਿ ਸਾਹਿਤ ਨਾਲ ਜੋੜਿਆ ਜਾਵੇਂ।

5. ਸਮਾਜ ਦੇ ਉਥਾਨ ਲਈ ਡਾਕਟਰ ਅੰਬੇਡਕਰ ਦਾ ਸੁਝਾਅ ਸੀ, "ਜੋ ਲੋਕ ਸਰਕਾਰੀ ਨੌਕਰੀ ਕਰਦੇ ਹਨ ਉਨ੍ਹਾਂ ਦਾ ਫ਼ਰਜ਼ ਹੈ ਕਿ ਆਪਣੀ ਕਮਾਈ ਦਾ 20ਵਾਂ ਭਾਗ ਆਪਣੀ ਮਰਜ਼ੀ ਨਾਲ ਦਾਨ ਕਰਦੇ ਰਹਿਣ ਤਾਂ ਹੀ ਗ਼ਰੀਬ ਸਮਾਜ ਦਾ ਵਿਕਾਸ ਹੋਵੇਗਾ। ਨਹੀਂ ਤਾਂ ਇੱਕ ਹੀ ਪਰਿਵਾਰ ਸੁੱਖੀ ਹੋਵੇਗਾ। ਜੋ ਲੜਕਾ ਪਿੰਡ ਵਿੱਚ ਪੜ੍ਹਦਾ ਹੈ ਜਾਂ ਨੌਕਰੀ ਕਰਦਾ ਹੈ, ਉਸ ਤੋਂ ਪੂਰੇ ਸਮਾਜ ਨੂੰ ਉਮੀਦ ਹੁੰਦੀ ਹੈ। ਇੱਕ 'ਸਿੱਖਿਅਤ ਸਮਾਜ ਸੇਵਕ' ਉਹਨਾਂ ਲਈ ਵਰਦਾਨ ਸਿੱਧ ਹੋ ਸਕਦਾ ਹੈ।"

6. ਨੌਜਵਾਨਾਂ ਨੂੰ ਉਚੇਰੀ ਅਤੇ ਕਿੱਤਾ-ਮੁੱਖੀ ਵਿੱਦਿਆ ਲਈ ਵਿਸ਼ੇਸ਼ ਤੌਰ 'ਤੇ ਉਤਸਾਹਿਤ ਕਰਨਾ ਚਾਹੀਦਾ ਹੈ। ਪੜ੍ਹਾਈ ਵਿੱਚ ਹੁਸ਼ਿਆਰ ਵਿਦਿਆਰਥੀਆਂ ਦੀ ਚੋਣ ਕਰਕੇ ਉਨ੍ਹਾਂ ਨੂੰ ਕਿੱਤੇ ਦੀ ਚੋਣ ਸਬੰਧੀ ਸਹੀ ਦਿਸ਼ਾ ਪ੍ਰਦਾਨ ਕਰਨੀ ਚਾਹੀਦੀ ਹੈ ਤਾਂ ਕਿ ਰੁਜ਼ਗਾਰ 'ਤੇ ਲੱਗ ਕੇ ਉਹ ਆਰਥਿਕ ਤੌਰ 'ਤੇ ਮਜ਼ਬੂਤ ਹੋ ਸਕਣ ਤੇ ਸਮਾਜ ਸੇਵਾ ਦੇ ਕਾਰਜਾਂ 'ਚ ਆਪਣਾ ਯੋਗਦਾਨ ਪਾ ਸਕਣ। ਬਾਬਾ ਸਾਹਿਬ ਦੀ ਵੀ ਇਹ ਇੱਛਾ ਸੀ ਕਿ ਦਲਿਤ ਸਮਾਜ ਦੇ ਵਿਦਿਆਰਥੀ ਗਿਆਨ ਹਾਸਲ ਕਰਨ ਅਤੇ ਸਮਾਜ ਨੂੰ ਅਗਵਾਈ ਦੇਣ।

7. ਹਰੇਕ ਪਿੰਡ ਵਿੱਚ ਲਾਇਬ੍ਰੇਰੀ ਖੋਲ ਕੇ ਬਹੁਜਨ ਸਮਾਜ ਨਾਲ ਸਬੰਧਿਤ ਅਤੇ ਜੀਵਨ ਨੂੰ ਸੇਧ ਦੇਣ ਵਾਲੀਆਂ ਕਿਤਾਬਾਂ ਉਪਲਬਧ ਕਰਵਾਉਣੀਆਂ ਚਾਹੀਦੀਆਂ ਹਨ। ਲਾਇਬ੍ਰੇਰੀ ਸਮਾਜ ਦੀ ਮਾਨਸਿਕ ਸਿਹਤ ਤੰਦਰੁਸਤ ਰੱਖਣ 'ਚ ਇੱਕ ਮਹੱਤਵਪੂਰਨ ਭੂਮਿਕਾ ਨਿਭਾਉਂਦੀ ਹੈ। ਲਾਇਬ੍ਰੇਰੀ ਅੰਧਵਿਸ਼ਵਾਸ, ਅਨਪੜ੍ਹਤਾ ਅਤੇ ਅਗਿਆਨਤਾ ਨੂੰ ਦੂਰ ਕਰਕੇ ਵੱਖ-ਵੱਖ ਧਰਮਾਂ, ਜਾਤਾਂ ਅਤੇ ਫ਼ਿਰਕਿਆਂ ਵਿੱਚ ਵੰਡੇ ਸਮਾਜ ਨੂੰ ਜੋੜਨ ਵਿੱਚ ਅਹਿਮ ਯੋਗਦਾਨ ਪਾਉਂਦੀ ਹੈ।

**(ਚਲਦਾ)**

# ਵੈਨਕੂਵਰ ਚ ਮੁੜ ਮਨਾਇਆ ਜਾਵੇਗਾ ਲਾਪੂ ਲਾਪੂ ਸਮਾਗਮ

**ਵੈਨਕੂਵਰ (ਮਲਕੀਤ ਸਿੰਘ)** ਪਿਛਲੇ ਵਰੇ ਕਨੇਡਾ ਦੇ ਮਹਾਨਗਰ ਵੈਨਕੂਵਰ ਵਿੱਚ ਫਿਲੀਪੀਨੀ ਭਾਈਚਾਰੇ ਵੱਲੋਂ ਆਯੋਜਿਤ ਲਾਪੂ ਲਾਪੂ ਤਿਉਹਾਰ ਦੌਰਾਨ ਇੱਕ ਕਾਰ ਹਾਦਸਾ ਵਾਪਰਨ ਕਰਕੇ ਕਾਰਨ ਫਿਲਪੀਨੀ ਭਾਈਚਾਰੇ ਦੇ 11 ਲੋਕਾਂ ਦੀ ਦਰਦ-ਨਾਕ ਮੌਤ ਹੋ ਜਾਣ ਮਗਰੋਂ ਫਿਲੀਪੀਨੀ ਭਾਈਚਾਰੇ ਦੇ ਲੋਕਾਂ ਚ ਡੂੰਘੇ ਸੋਗ ਦੀ ਲਹਿਰ ਦੌੜ ਗਈ ਸੀ ਅਤੇ ਸਮੁੱਚਾ ਭਾਈਚਾਰਾ ਇਸ ਦੁਰਘਟਨਾ ਕਾਰਨ ਡੂੰਘੇ ਸਦਮੇ ਵਿੱਚ ਚਲਾ ਗਿਆ ਮਹਿਸੂਸ ਹੁੰਦਾ ਸੀ ਅਤੇ ਹੁਣ ਪੂਰੇ ਸਾਲ ਮਗਰੋਂ ਫਿਲੀਪੀਨੀ ਭਾਈਚਾਰੇ ਦੇ ਲੋਕਾਂ ਵੱਲੋਂ ਆਪਣੇ ਆਪ ਨੂੰ ਉਕਤ ਸਦਮੇ ਚੋਂ ਬਾਹਰ ਕੱਢਣ ਦੀ ਕੋਸ਼ਿਸ਼ ਵਜੋਂ ਲਾਪੂ ਲਾਪੂ ਤਿਉਹਾਰ ਮੁੜ ਮਨਾਏ ਜਾਣ ਦਾ ਫੈਸਲਾ ਲਿਆ ਗਿਆ ਹੈ। ਆਯੋਜਕਾਂ ਅਨੁਸਾਰ ਆਉਣ ਵਾਲਾ ਸਮਾਗਮ ਸਮੂਹਕ ਚੰਗਿਆਈ, ਯਾਦਗਾਰੀ ਸਨਮਾਨ ਅਤੇ ਇਕਜੁੱਟਤਾ ਦੇ ਸੁਨੇਹੇ ‘ਤੇ ਕੇਂਦਰਿਤ ਰਹੇਗਾ। ਫਿਲੀਪੀਨੀ ਬ੍ਰਿਟਿਸ਼ ਕੋਲੰਬੀਆ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਹ ਤਿਉਹਾਰ ਅਪ੍ਰੈਲ 17 ਤੋਂ 19 ਤੱਕ ਮਨਾਏ ਜਾਣ ਦੀਆਂ ਤਿਆਰੀਆਂ ਵਿੱਢ ਦਿੱਤੀਆਂ ਗਈਆਂ ਹਨ। ਆਯੋਜਕਾਂ ਨੇ ਜ਼ੋਰ ਦਿੱਤਾ ਕਿ ਸਮਾਗਮ ਦੌਰਾਨ ਸੁਰੱਖਿਆ ਪ੍ਰਬੰਧ ਕੜੇ ਰੱਖੇ ਜਾਣਗੇ ਅਤੇ ਪੀੜਤਾਂ ਦੀ ਯਾਦ ਨੂੰ ਸਨਮਾਨ ਦੇਣ ਨਾਲ ਨਾਲ ਸੰਸਕ੍ਰਿਤਿਕ ਕਾਰਜਕ੍ਰਮਾਂ ਰਾਹੀਂ ਏਕਤਾ ਦਾ ਸੁਨੇਹਾ ਦਿੱਤਾ ਜਾ ਸਕੇ ।

# ਵਿਸ਼ਵ ਚੈਂਪਿਅਨਸ਼ਿਪ ਵਿੱਚ ਨੌਜਵਾਨ ਕਨੇਡੀਅਨ ਦੌੜਾਕਾਂ ਦੀ ਅਗਵਾਈ ਕਰੇਗਾ ਤਜਰਬੇਕਾਰ ਦੌੜਾਕ ਮੋਹ ਅਹਿਮਦ

**ਵੈਨਕੂਵਰ, (ਮਲਕੀਤ ਸਿੰਘ)** – ਲੰਬੀ ਦੂਰੀ ਦੀਆਂ ਦੌੜਾਂ ਵਿੱਚ ਕਨੇਡਾ ਦਾ ਜਾਣਿਆ-ਪਛਾਣਿਆ ਦੌੜਾਕ ਮੋਹ ਅਹਿਮਦ ਹੁਣ ਕਰਾਸ-ਕੰਟਰੀ ਵਿਸ਼ਵ ਚੈਂਪਿਅਨਸ਼ਿਪ ਵਿੱਚ ਨੌਜਵਾਨ ਕਨੇਡੀਅਨ ਦੌੜਾਕਾਂ ਦੀ ਅਗਵਾਈ ਕਰਦਾ ਨਜ਼ਰ ਆਵੇਗਾ। ਲਗਭਗ ਦੋ ਦਹਾਕਿਆਂ ਦੇ ਤਜਰਬੇ ਨਾਲ ਲੈਸ ਅਹਿਮਦ ਦੀ ਮੌਜੂਦਗੀ ਨੂੰ ਟੀਮ ਲਈ ਵੱਡੀ ਤਾਕਤ ਮੰਨਿਆ ਜਾ ਰਿਹਾ ਹੈ। ਅਹਿਮਦ ਅਨੁਸਾਰ ਭਾਵੇਂ ਉਨ੍ਹਾਂ ਦਾ ਵੱਡਾ ਕੈਰੀਅਰ ਟਰੈਕ ਦੌੜਾਂ ਨਾਲ ਜੁੜਿਆ ਰਿਹਾ ਹੈ, ਪਰ ਕਰਾਸ-ਕੰਟਰੀ ਦੌੜਾਂ ਦਾ ਟੀਮ ਅਧਾਰਿਤ ਸੁਭਾਅ ਉਨ੍ਹਾਂ ਨੂੰ ਹਮੇਸ਼ਾਂ ਆਕਰਸ਼ਿਤ ਕਰਦਾ ਰਿਹਾ ਹੈ। ਉਨ੍ਹਾਂ ਮੁਤਾਬਕ, ਇਸ ਵਿਧੀ ਵਿੱਚ ਹਰ ਦੌੜਾਕ ਦੀ ਕੋਸ਼ਿਸ਼ ਟੀਮ ਦੀ ਕੁੱਲ ਪ੍ਰਦਰਸ਼ਨੀ ਨਾਲ




ਜੁੜੀ ਹੁੰਦੀ ਹੈ, ਜੋ ਨੌਜਵਾਨ ਖਿਡਾਰੀਆਂ ਨੂੰ ਇਕੱਠੇ ਕੰਮ ਕਰਨ ਅਤੇ ਜ਼ਿੰਮੇਵਾਰੀ ਨਿਭਾਉਣ ਦੀ ਸਿੱਖਿਆ ਦਿੰਦੀ ਹੈ। ਕਨੇਡੀਅਨ ਟੀਮ ਦੇ ਹੋਰ ਸਾਥੀ ਦੌੜਾਕਾਂ ਲਈ ਇਹ ਮੁਕਾ-ਬਲਾ ਇੰਡੋਰ ਸੀਜ਼ਨ ਤੋਂ ਪਹਿਲਾਂ ਆਤਮਵਿਸ਼ਵਾਸ ਵਧਾਉਣ ਦਾ ਮਹੱਤਵਪੂਰਨ ਮੌਕਾ ਹੈ। ਟੀਮ ਨੂੰ ਭਰੋਸਾ ਹੈ ਕਿ ਤਜਰਬੇਕਾਰ ਦੌੜਾਕ ਮੋਹ ਅਹਿਮਦ ਦੀ ਰਹਿਨੁਮਾਈ ਨਾਲ ਨੌਜਵਾਨ ਦੌੜਾਕ ਅੰਤਰਰਾਸ਼ਟਰੀ ਮੰਚ ’ਤੇ ਆਪਣੀ ਪਹਿਚਾਣ ਬਣਾਉਣ ਵਿੱਚ ਕਾਮਯਾਬ ਰਹਿਣਗੇ। ਖੇਡ ਮਾਹਰਾ ਮੁਤਾਬਕ ਅਹਿਮਦ ਦੀ ਟੀਮ ਵਿੱਚ ਮੌਜੂਦਗੀ ਜਿੱਤ ਦਾ ਪਰਚਮ ਲਹਰਾਉਣ ਲਈ ਅਹਿਮ ਸਾਬਤ ਹੋ ਸਕਦੀ ਹੈ।

**ਕਨੇਡੀਅਨ ਦੌੜਾਕ ਮੋਹ ਅਹਿਮਦ ਦੀ ਇੱਕ ਤਸਵੀਰ**

## ਕਨੇਡਾ ਦੀ ਮਹਿਲਾ ਓਲੰਪਿਕ ਹਾਕੀ ਟੀਮ ਦਾ ਐਲਾਨ ਅੱਜ, 23 ਖਿਡਾਰਨਾਂ ਦੀ ਸੂਚੀ ਕੀਤੀ ਜਾਵੇਗੀ ਜਾਰੀ

**ਵੈਨਕੂਵਰ, (ਮਲਕੀਤ ਸਿੰਘ)** – ਕਨੇਡਾ ਦੀ ਮਹਿਲਾ ਓਲੰਪਿਕ ਹਾਕੀ ਟੀਮ ਦੀ ਅੰਤਿਮ ਸੂਚੀ ਅੱਜ ਦਸਰਕਾਰੀ ਤੌਰ ’ਤੇ ਜਾਰੀ ਕੀਤੀ ਜਾਵੇਗੀ। ਇਸ ਸਬੰਧੀ ਰਸਮੀ ਐਲਾਨ ਦੁਪਹਿਰ 3:30 ਵਜੇ ਕੀਤਾ ਜਾਣਾ ਹੈ, ਜਿਸਨੂੰ ਦਰਸ਼ਕ ਸਿੱਧੇ ਪ੍ਰਸਾਰਣ ਰਾਹੀਂ ਦੇਖ ਸਕਣਗੇ।ਜਾਰੀ ਕੀਤੀ ਜਾਣ ਵਾਲੀ ਟੀਮ ਵਿੱਚ ਕੁੱਲ 23 ਖਿਡਾਰਨਾਂ ਸ਼ਾਮਲ ਹੋਣਗੀਆਂ, ਜਿਨ੍ਹਾਂ ਵਿੱਚ 20 ਸਕੇਟਰ ਅਤੇ 3 ਗੋਲਕੀਪਰ ਹਨ। ਕਨੇਡਾ ਦੀ ਮਹਿਲਾ ਹਾਕੀ ਟੀਮ ਹਮੇਸ਼ਾ ਤੋਂ ਹੀ ਵਿਸ਼ਵ ਪੱਧਰ ’ਤੇ ਆਪਣੀ ਸ਼ਾਨਦਾਰ ਖੇਡ ਲਈ ਜਾਣੀ ਜਾਂਦੀ ਰਹੀ ਹੈ। ਅੱਜ ਦੇ ਐਲਾਨ ਨਾਲ ਹੀ ਓਲੰਪਿਕ ਮੈਦਾਨ ਵਿੱਚ ਉਤਰਣ ਵਾਲੀ ਟੀਮ ਦੀ ਤਸਵੀਰ ਸਾਫ਼ ਹੋ ਜਾਵੇਗੀ, ਜਿਸ ਉੱਤੇ ਦੇਸ਼ ਭਰ ਦੇ ਖੇਡ ਪ੍ਰੇਮੀ ਬੜੀ ਉਤਸੁਕਤਾ ਨਾਲ ਨਿਗਾਹਾਂ ਟਿਕਾਈ ਬੈਠੇ ਮਹਿਸੂਸ ਹੋ ਰਹੇ ਜਾਪਦੇ ਹਨ।



# ਪੰਜਾਬੀ ਭਾਸ਼ਾ ਤੇ ਸਾਹਿਤ ਦਾ ਮਾਣ ਪ੍ਰੋ: ਗੁਰਦਿਆਲ ਸਿੰਘ

**10 ਜਨਵਰੀ ਨੂੰ ਜਨਮ-ਦਿਨ 'ਤੇ ਵਿਸ਼ੇਸ਼**

ਗਿਆਨਪੀਠ ਪੁਰਸਕਾਰ ਜੇਤੂ, ਪੰਜਾਬੀ ਦੇ ਉੱਘੇ ਨਾਵਲਕਾਰ ਗੁਰਦਿਆਲ ਸਿੰਘ ਦਾ ਜਨਮ 10 ਜਨਵਰੀ 1933 ਈ: ਨੂੰ ਪਿੰਡ ਡੇਲਿਆਂਵਾਲੀ, ਜੈਤੋ ਜ਼ਿਲ੍ਹਾ ਫਰੀਦਕੋਟ ਵਿਖੇ ਪਿਤਾ ਸ੍ਰ: ਜਗਤ ਸਿੰਘ ਦੇ ਘਰ ਮਾਤਾ ਨਿਹਾਲ ਕੌਰ ਦੀ ਕੁੱਖ ਤੋਂ ਹੋਇਆ । ਉਹਨਾਂ ਦੇ ਤਿੰਨ ਭਰਾ ਤੇ ਇੱਕ ਭੈਣ ਹਨ । ਘਰੇਲੂ ਕਾਰਨਾਂ ਕਰਕੇ ਬਚਪਨ ਵਿੱਚ ਸਕੂਲ ਛੱਡ ਕੇ ਅੱਠ ਸਾਲ ਤਰਖਾਣ ਦਾ ਕੰਮ ਕੀਤਾ । ਪਿਤਾ ਜਗਤ ਸਿੰਘ ਤਾਂ ਇਸ ਕਿੱਤੇ ਵਿੱਚ ਹੀ ਰੱਖਣਾ ਚਾਹੁੰਦੇ ਸਨ ਪਰ ਉਹਨਾਂ ਨੂੰ ਬਚਪਨ ਤੋਂ ਹੀ ਕਿਤਾਬਾਂ ਪੜ੍ਹਨ ਦਾ ਸ਼ੌਂਕ ਸੀ । ਉਹਨਾਂ ਨੇ ਚਿੱਤਰਕਾਰੀ (ਪੇਂਟਿੰਗ) ਤੇ ਵੀ ਹੱਥ ਰੱਖਿਆ, ਗਾਇਕੀ ਵੀ ਸ਼ੁਰੂ ਕੀਤੀ ਅਤੇ ਗੁਰਦੁਆਰਾ ਗੰਗਸਰ ਸਾਹਿਬ ਵਿਖੇ ਕੀਰਤਨ ਵੀ ਕਰਦੇ ਰਹੇ ਪਰ ਉਹਨਾਂ ਦੇ ਮਨ ਨੂੰ ਸੰਤੁਸ਼ਟੀ ਨਾ ਮਿਲੀ । ਹੈੱਡਮਾਸਟਰ ਮਦਨ ਮੋਹਨ ਸ਼ਰਮਾ ਨੇ ਗੁਰਦਿਆਲ ਸਿੰਘ ਦੀ ਜ਼ਿੰਦਗੀ ਨੂੰ ਨਵੀਂ ਸੇਧ ਦਿੱਤੀ । ਉਹਨਾਂ ਦੀ ਅਗਵਾਈ ਵਿੱਚ ਤੇ ਦੀਵੇ ਦੀ ਲੋਅ 'ਚ ਦਿਨ-ਰਾਤ ਸਖ਼ਤ ਮਿਹਨਤ ਨਾਲ ਪੜ੍ਹਦਿਆਂ ਗੁਰਦਿਆਲ ਸਿੰਘ ਨੇ ਦਸਵੀਂ ਪਾਸ ਕੀਤੀ ਫਿਰ ਗਿਆਨੀ ਤੇ ਜੇ.ਬੀ.ਟੀ. ਕਰਨ ਉਪਰੰਤ ਅਧਿਆਪਕ ਲੱਗ ਗਏ।

ਉਹਨਾਂ ਦਾ ਵਿਆਹ ਬਲਵੰਤ ਕੌਰ ਨਾਲ ਹੋਇਆ । ਉਹਨਾਂ ਦੇ ਘਰ ਇੱਕ ਲੜਕਾ ਦੇ ਦੋ ਲੜਕੀਆਂ ਨੇ ਜਨਮ ਲਿਆ । ਉਹਨਾਂ ਨੇ ਆਪਣੀ ਛੋਟੀ ਕਹਾਣੀ 'ਭਾਗਾਂ ਵਾਲੇ' ਤੋਂ ਇੱਕ ਕਹਾਣੀਕਾਰ ਦੇ ਤੌਰ ਤੇ ਸ਼ੁਰੂਆਤ ਕੀਤੀ, ਜੋ 1957 ਵਿੱਚ ਪ੍ਰੋਫ਼ੈਸਰ ਮੋਹਨ ਸਿੰਘ ਦੇ ਰਸਾਲੇ 'ਪੰਜ ਦਰਿਆ' ਵਿੱਚ ਛਪੀ ਸੀ। ਉਹਨਾਂ ਦੇ ਪਹਿਲੇ ਕਹਾਣੀ ਸੰਗ੍ਰਿਹ 'ਸੱਗੀ ਫੁੱਲ' ਨਾਲ ਉਹ ਕਹਾਣੀਕਾਰ ਤੇ ਸੱਗੀ ਫੁੱਲ ਵਾਲੇ ਗੁਰਦਿਆਲ ਸਿੰਘ ਬਣੇ । ਗੁਰਦਿਆਲ ਸਿੰਘ ਨੇ ਉਚੇਰੀ ਵਿੱਦਿਆ ਬੀ.ਏ., ਐੱਮ.ਏ. ਕਰਕੇ ਸਰਕਾਰੀ ਨੌਕਰੀ (ਲੈਕਚਰਾਰ) ਹਾਸਲ ਕੀਤੀ । 1964 ਉਹਨਾਂ ਦਾ ਪਹਿਲਾ ਨਾਵਲ 'ਮੜ੍ਹੀ ਦਾ ਦੀਵਾ' ਪ੍ਰਕਾਸ਼ਿਤ ਹੋਇਆ । ਉਹਨਾਂ ਦੇ ਨਾਵਲ 'ਅੱਧ ਚਾਨਣੀ ਰਾਤ' ਨੂੰ ਸਾਹਿਤ ਅਕਾਦਮੀ ਪੁਰਸਕਾਰ ਮਿਲਿਆ । ਪ੍ਰੋ: ਗੁਰਦਿਆਲ ਸਿੰਘ ਦੇ ਨਾਵਲ 'ਅੱਧ ਚਾਨਣੀ ਰਾਤ' ਅਤੇ 'ਮੜ੍ਹੀ ਦਾ ਦੀਵਾ' ਦਾ ਸਾਰੀਆਂ ਭਾਰਤੀ ਭਾਸ਼ਾਵਾਂ ਹਿੰਦੀ, ਅੰਗਰੇਜ਼ੀ, ਰੂਸੀ ਵਿੱਚ ਤਰਜ਼ਮਾ ਹੋਇਆ। ਮੜ੍ਹੀ ਦਾ ਦੀਵਾ ਨਾਵਲ ਦੀਆਂ ਰੂਸੀ ਭਾਸ਼ਾ ਵਿੱਚ ਪੰਜ ਲੱਖ ਤੋਂ ਵੱਧ ਕਾਪੀਆਂ ਛੱਪ ਚੁੱਕੀਆਂ ਸਨ । ਇਸ ਨਾਵਲ ਨੂੰ ਜਲੰਧਰ ਦੂਰਦਰਸ਼ਨ ਤੋਂ ਲੜੀਵਾਰ ਵੀ ਦਿਖਾਇਆ ਗਿਆ ।



ਪ੍ਰੋ: ਗੁਰਦਿਆਲ ਸਿੰਘ ਨੇ ਮੜ੍ਹੀ ਦਾ ਦੀਵਾ (1964), ਅਣਹੋਏ (1966), ਕੁਵੇਲਾ (1968), ਅੱਧ ਚਾਨਣੀ ਰਾਤ (1972), ਅੰਨ੍ਹੇ ਘੋੜੇ ਦੇ ਦਾਨ (1976), ਪਰਸਾ (1991), ਆਹਟ (2008), ਰੇਤੇ ਦੀ ਇੱਕ ਮੁੱਠੀ, ਪਹੁ ਫੁਟਾਲੇ ਤੋਂ ਪਹਿਲਾਂ ਆਦਿ। ਇਸ ਤੋਂ ਇਲਾਵਾ ਸੱਗੀ ਫੁੱਲ, ਕੁੱਤਾ ਤੇ ਆਦਮੀ, ਮਸਤੀ ਬੋਤਾ, ਚੰਦ ਦਾ ਬੂਟਾ, ਰੁੱਖੇ ਮਿਸੇ ਬੰਦੇ, ਬੇਗਾਨਾ ਪਿੰਡ, ਓਪਰਾ ਘਰ, ਕਰੀਰ ਦੀ ਢਿੰਗਰੀ, ਪੱਕਾ ਟਿਕਾਣਾ, ਮੇਲਾ ਮਣੇਸੀਆਂ ਤੇ ਹੋਰ ਅਨੇਕਾਂ ਕਹਾਣੀਆਂ ਪ੍ਰਮੁੱਖ ਰਸਾਲਿਆਂ ਵਿੱਚ ਛਪੀਆਂ । ਪ੍ਰੋ: ਗੁਰਦਿਆਲ ਸਿੰਘ ਨੂੰ 2012 ਵਿੱਚ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦਾ ਸੈਨੇਟ ਮੈਂਬਰ ਨਾਮਜ਼ਦ ਕੀਤਾ ਗਿਆ ਸੀ ਅਤੇ 2014 ਵਿੱਚ ਉਹਨਾਂ ਨੂੰ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਡੀ.ਲਿਟ.ਦੀ ਡਿਗਰੀ ਪ੍ਰਦਾਨ ਕੀਤੀ ਗਈ।

***ਪ੍ਰੋ: ਗੁਰਦਿਆਲ ਸਿੰਘ ਨੇ ਪੰਜਾਬੀ ਵਿੱਚ 12 ਨਾਵਲ, 10 ਕਹਾਣੀ ਸੰਗ੍ਰਹਿ, 8 ਨਾਟਕ, ਦਰਜਨ ਦੇ ਕਰੀਬ ਬਾਲ ਸਾਹਿਤ ਦੀਆਂ ਪੁਸਤਕਾਂ, 3 ਵਾਰਤਕ ਪੁਸਤਕਾਂ ਅਤੇ 4 ਰਲੀਆਂ-ਮਿਲੀਆਂ ਕਿਰਤਾਂ ਦੀ ਰਚਨਾ ਕੀਤੀ । ਉਹਨਾਂ ਦੀਆਂ 10 ਪੁਸਤਕਾਂ ਹਿੰਦੀ ਅਤੇ 3 ਨਾਵਲ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਹੋਏ ਸਨ। ਇਸ ਤੋਂ ਇਲਾਵਾ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਵਿੱਚ 40 ਤੋਂ ਵੱਧ ਪੁਸਤਕਾਂ ਅਨੁਵਾਦ ਕਰ ਚੁੱਕੇ ਸਨ । ਉਹਨਾਂ ਦੇ ਨਾਵਲ ਅਣਹੋਏ, ਕੁਵੇਲਾ, ਪਹੁ ਫਟਾਲੇ ਤੋਂ ਪਹਿਲਾਂ, ਰੇਤੇ ਦੀ ਇੱਕ ਮੁੱਠੀ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ ।***

ਪ੍ਰੋ: ਗੁਰਦਿਆਲ ਸਿੰਘ ਨੇ ਫਰੀਦਾ ਰਾਤੀ ਵੱਡੀਆਂ, ਨਿੱਕੀ ਮੋਟੀ ਗੱਲ, ਨਿਆਣ ਮੱਤੀਆ (ਆਤਮ ਕਥਾ-1), ਦੂਜੀ ਦੇਹੀ (ਆਤਮ ਕਥਾ - 2), ਵਿਦਾਇਗੀ ਤੋਂ ਪਿੱਛੋਂ, ਪੰਜਾਬ ਦੇ ਮੇਲੇ 'ਤੇ, ਦੁਖੀਆ ਦਾਸ ਕਬੀਰ ਹੈ, ਸਤਜੁਗ ਦੇ ਆਉਣ, ਡਗਮਗ ਛਾਡ ਰੇ ਮਨ ਬਉਰਾ ਤੇ ਹੋਰ ਨਾਟਕ ਲਿਖੇ । ਉਹਨਾਂ ਬੱਚਿਆਂ ਲਈ ਟੁੱਕ ਖੋਹ ਲਏ, ਬਾਬਾ ਖੇਮਾ, ਗੱਪੀਆਂ ਦਾ ਪਿਉ, ਮਹਾਂਭਾਰਤ, ਧਰਤ ਸੁਹਾਵੀ, ਤਿੰਨ ਕਦਮ, ਧਰਤੀ, ਖੱਟੇ ਮਿੱਠੇ ਲੋਕ, ਜੀਵਨ ਦਾਸੀ, ਗੰਗਾ ਕਾਲੂ, ਧਰਤੀ ਜੀਵਨ, ਦਾਤੀ ਗੰਗਾ, ਕੱਤਕੀ, ਢਾਈ ਕਦਮ ਆਦਿ ਰਚਨਾਵਾਂ ਲਿਖੀਆਂ । ਉਹਨਾਂ ਮੇਰਾ ਬਚਪਨ (ਗੋਰਕੀ), ਭੁੱਲੇ ਵਿਸਰੇ (ਭਗਵਤੀਚਰਨ ਵਰਮਾ), ਮਿਗਨੇਨੀ (ਵਿੰਦ੍ਰਾਵਨ ਲਾਲ ਵਰਮਾ), ਜ਼ਿੰਦਗੀ ਨਾਮਾ (ਕ੍ਰਿਸ਼ਨ ਸੋਬਤੀ), ਬਿਰਾਜ ਬਹੂ (ਸ਼ਰਤ ਚੰਦਰ) ਪੁਸਤਕਾਂ ਦਾ ਅਨੁਵਾਦ ਕੀਤਾ । ਪ੍ਰੋ: ਗੁਰਦਿਆਲ ਸਿੰਘ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਰੀਡਰ ਵੀ ਰਹੇ । 1995 'ਚ ਉਹ ਸੇਵਾ ਮੁਕਤ ਹੋਏ । ਪ੍ਰੋ: ਸਾਹਿਬ ਦੇ ਦੋ ਨਾਵਲਾਂ 'ਮੜ੍ਹੀ ਦਾ ਦੀਵਾ' ਅਤੇ 'ਅੰਨ੍ਹੇ ਘੋੜੇ ਦਾ ਦਾਨ' ਦੀਆਂ ਕਹਾਣੀਆਂ ਤੇ ਫਿਲਮਾਂ ਵੀ ਬਣ ਚੁੱਕੀਆਂ ਸਨ । ਮੜ੍ਹੀ ਦਾ ਦੀਵਾ ਤੇ ਬਣੀ ਫਿਲਮ ਨੇ ਬੈਸਟ ਰੀਜ਼ਨਲ ਫਿਲਮ ਅਵਾਰਡ 1989 ਹਾਸਲ ਕੀਤਾ ਸੀ । ਅੰਨ੍ਹੇ ਘੋੜੇ ਦਾ ਦਾਨ ਪਹਿਲੀ ਪੰਜਾਬੀ ਫਿਲਮ ਹੈ ਜੋ 68 ਸਾਲ ਬਾਅਦ ਵੀ ਇਟਲੀ ਦੇ ਅੰਤਰਰਾਸ਼ਟਰੀ ਮੇਲੇ ਵਿੱਚ ਦਿਖਾਈ ਗਈ । ਹੋਰ ਵੀ ਕਈ ਦੇਸ਼ਾਂ ਵਿੱਚ ਦਿਖਾਈ ਜਾ ਚੁੱਕੀ ਹੈ।

ਪ੍ਰੋ: ਗੁਰਦਿਆਲ ਸਿੰਘ ਨੇ ਪੰਜਾਬੀ ਵਿੱਚ 12 ਨਾਵਲ, 10 ਕਹਾਣੀ ਸੰਗ੍ਰਹਿ, 8 ਨਾਟਕ, ਦਰਜਨ ਦੇ ਕਰੀਬ ਬਾਲ ਸਾਹਿਤ ਦੀਆਂ ਪੁਸਤਕਾਂ, 3 ਵਾਰਤਕ ਪੁਸਤਕਾਂ ਅਤੇ 4 ਰਲੀਆਂ-ਮਿਲੀਆਂ ਕਿਰਤਾਂ ਦੀ ਰਚਨਾ ਕੀਤੀ । ਉਹਨਾਂ ਦੀਆਂ 10 ਪੁਸਤਕਾਂ ਹਿੰਦੀ ਅਤੇ 3 ਨਾਵਲ ਅੰਗਰੇਜ਼ੀ ਵਿੱਚ ਪ੍ਰਕਾਸ਼ਿਤ ਹੋਏ ਸਨ। ਇਸ ਤੋਂ ਇਲਾਵਾ ਅੰਗਰੇਜ਼ੀ, ਹਿੰਦੀ ਤੇ ਪੰਜਾਬੀ ਵਿੱਚ 40 ਤੋਂ ਵੱਧ ਪੁਸਤਕਾਂ ਅਨੁਵਾਦ ਕਰ ਚੁੱਕੇ ਸਨ । ਉਹਨਾਂ ਦੇ ਨਾਵਲ ਅਣਹੋਏ, ਕੁਵੇਲਾ, ਪਹੁ ਫਟਾਲੇ ਤੋਂ ਪਹਿਲਾਂ, ਰੇਤੇ ਦੀ ਇੱਕ ਮੁੱਠੀ ਨੂੰ ਪਾਠਕਾਂ ਵੱਲੋਂ ਭਰਪੂਰ ਹੁੰਗਾਰਾ ਮਿਲਿਆ । ਉਹਨਾਂ ਦੀਆਂ ਸਾਹਿਤਿਕ ਰਚਨਾਵਾਂ ਵਿੱਚੋਂ ਪੰਜਾਬੀ ਸੱਭਿਆਚਾਰ ਦੇ ਹਰ ਪੱਖ ਦੀਆਂ ਝਲਕਾਂ ਮਿਲਦੀਆਂ ਹਨ । ਪ੍ਰੋ: ਗੁਰਦਿਆਲ ਸਿੰਘ ਦੀਆਂ ਸਾਹਿਤਕ ਕਿਰਤਾਂ (ਰਚਨਾਵਾਂ) ਨਵੀਂ ਪੀੜ੍ਹੀ ਦੇ ਸਾਹਿਤਕਾਰਾਂ ਲਈ ਮਾਰਗਦਰਸ਼ਨ ਬਣਨਗੀਆਂ।

ਪ੍ਰੋ: ਗੁਰਦਿਆਲ ਸਿੰਘ ਨੂੰ 1966, 1967, 1968 ਅਤੇ 1972 ਵਿੱਚ ਭਾਸ਼ਾ ਵਿਭਾਗ ਵੱਲੋਂ ਸਰਬ ਉੱਤਮ ਪੁਰਸਕਾਰ, 1975 ਵਿੱਚ ਨਾਨਕ ਸਿੰਘ ਨਾਵਲ ਪੁਰਸਕਾਰ, 1979 ਵਿੱਚ ਪੰਜਾਬੀ ਅਕਾਦਮੀ ਪੁਰਸਕਾਰ, 1986 ਵਿੱਚ ਸੋਵੀਅਤ ਨਹਿਰੂ ਪੁਰਸਕਾਰ, 1989 ਵਿੱਚ ਪੰਜਾਬੀ ਸਾਹਿਤ ਅਕਾਦਮੀ ਪੁਰਸਕਾਰ, 1992 ਵਿੱਚ ਸ਼੍ਰੋਮਣੀ ਸਾਹਿਤਕਾਰ ਦਾ ਇਨਾਮ, 1992 ਵਿੱਚ ਹੀ ਭਾਈ ਵੀਰ ਸਿੰਘ ਗਲਪ ਪੁਰਸਕਾਰ (ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ), 1995 ਵਿੱਚ ਪਾਸ਼ ਪੁਰਸਕਾਰ, 1997 ਵਿੱਚ ਉੱਤਰ ਪ੍ਰਦੇਸ਼ ਹਿੰਦੀ ਸਾਹਿਤਕ ਸੰਮੇਲਨ ਸਨਮਾਨ, 1998 ਵਿੱਚ ਭਾਰਤ ਦੇ ਰਾਸ਼ਟਰਪਤੀ ਵੱਲੋਂ 'ਪਦਮ ਸ਼੍ਰੀ' ਪੁਰਸਕਾਰ, 1999 ਵਿੱਚ ਉਹਨਾਂ ਨੂੰ ਨਾਵਲ 'ਪਰਸਾ' ਲਈ ਗਿਆਨਪੀਠ ਪੁਰਸਕਾਰ, 2004 ਵਿੱਚ ਪੰਜਾਬੀ ਸਹਿਤ ਸ਼੍ਰੋਮਣੀ ਐਵਾਰਡ ਮਿਲ ਚੁੱਕੇ ਸਨ । ਇਨ੍ਹਾਂ ਤੋਂ ਇਲਾਵਾ ਸਕੂਲਾਂ-ਕਾਲਜਾਂ, ਸਮਾਜ-ਸੇਵੀ ਸੰਸਥਾਵਾਂ, ਸਾਹਿਤਕ ਸਭਾਵਾਂ ਵੱਲੋਂ ਵੀ ਅਨੇਕਾਂ ਮਾਣ-ਸਨਮਾਨ ਮਿਲੇ ਸਨ ।

ਪ੍ਰੋ: ਗੁਰਦਿਆਲ ਸਿੰਘ ਸਾਹਿਤ ਅਕਾਦਮੀ ਭਾਰਤ ਦੀ ਸਾਹਿਤਕ ਜਨਰਲ ਕੌਂਸਲ ਅਤੇ ਸਲਾਹਕਾਰ ਬੋਰਡ ਦੇ ਮੈਂਬਰ ਵੀ ਰਹੇ ਸਨ । ਪ੍ਰੋ: ਸਾਹਿਬ ਦਾ ਨਾਂ 2015 ਵਿੱਚ 'ਲਿਮਕਾ ਬੁੱਕ ਆਫ ਰਿਕ-ਾਰਡ' ਵਿੱਚ ਦਰਜ ਕੀਤਾ ਗਿਆ । ਉਹਨਾਂ ਦੇ ਪੰਜਾਬੀ ਦੇ ਪ੍ਰਮੁੱਖ ਅਖ਼ਬਾਰਾਂ ਅਜੀਤ, ਪੰਜਾਬੀ ਟ੍ਰਿਬਿਊਨ, ਦੇਸ਼ ਸੇਵਕ, ਰੋਜ਼ਾਨਾ ਸਪੋਕਸਮੈਨ, ਜਗ ਬਾਣੀ, ਅੱਜ ਦੀ ਆਵਾਜ਼, ਚੜ੍ਹਦੀ ਕਲਾ ਵਿੱਚ ਅਨੇਕਾਂ ਲੇਖ ਛਪੇ । ਉਹਨਾਂ ਨੇ ਪੰਜਾਬੀ ਭਾਸ਼ਾ ਤੇ ਸਾਹਿਤ ਲਈ ਹਰ ਸਮਾਗਮ ਵਿੱਚ ਅਨੇਕਾਂ ਵਾਰ ਪ੍ਰਧਾਨਗੀ ਕੀਤੀ ਤੇ ਪਰਚੇ ਪੜ੍ਹੇ। ਪ੍ਰੋ: ਗੁਰਦਿਆਲ ਸਿੰਘ ਦੇ ਨਾਵਲ ਪਹੁ ਫੁਟਾਲੇ ਤੋਂ ਪਹਿਲਾਂ, ਮੜ੍ਹੀ ਦਾ ਦੀਵਾ ਬੋਰਡ ਤੇ ਯੂਨੀਵਰਸਿਟੀਆਂ ਦੀਆਂ ਕਲਾਸਾਂ ਵਿੱਚ ਵੀ ਪੜ੍ਹਾਏ ਜਾ ਰਹੇ ਹਨ । ਭਾਰਤੀ ਸਾਹਿਤ ਅਕਾਦਮੀ ਨਵੀਂ ਦਿੱਲੀ ਵੱਲੋਂ ਉਹਨਾਂ ਨੂੰ ਲਾਈਫ ਫੈਲੋਸ਼ਿਪ ਦਿੱਤੀ ਜਾ ਰਹੀ ਸੀ । ਪੰਜਾਬੀ ਸਾਹਿਤ ਦਾ ਅਨਮੋਲ ਹੀਰਾ, ਪ੍ਰਸਿੱਧ ਨਾਵਲਕਾਰ ਪ੍ਰੋ: ਗੁਰਦਿਆਲ ਸਿੰਘ 16 ਅਗਸਤ 2016 ਈਸਵੀ ਨੂੰ ਬਾਅਦ ਦੁਪਹਿਰ ਡੇਢ ਵਜੇ ਮੈਕਸ ਹਸਪਤਾਲ ਬਠਿੰਡਾ ਵਿਖੇ 83 ਸਾਲ ਦੀ ਉਮਰ ਬਤੀਤ ਕਰਕੇ ਅਕਾਲ ਚਲਾਣਾ ਕਰ ਗਏ ਸਨ।

**ਕਰਨੈਲ ਸਿੰਘ ਐੱਮ.ਏ.**
**ਲੁਧਿਆਣਾ**
**# 1138/63-ਏ, ਗੁਰੂ ਤੇਗ਼ ਬਹਾਦਰ ਨਗਰ,**
**ਗਲੀ ਨੰਬਰ 1, ਚੰਡੀਗੜ੍ਹ ਰੋਡ,**
**ਜਮਾਲਪੁਰ, ਲੁਧਿਆਣਾ।**
**Emial :-karnialis-nghma@gmial.com**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

# ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X @samajweekly

## ਸਾਡੇ ਵਟਸਐੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ



ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

**+44 7878 456484**

**email:-Samajweekly@gmail.com**